FRI 07 MAY 2021 | VOLUME: 01 / ISSUE: 163 / PAGES: 04 / PRICE: 5:00 INR


World Punjabi News Network
WORLD PUNJABI NEWS
ਪੰਜਾਬੀ | ਪੰਜਾਬੀ
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ‘ਕਰੋਨਾ ਦੀ ਤੀਜੀ ਲਹਿਰ ਲਈ ਤਿਆਰ ਰਹੋ’



**ਨਵੀਂ ਦਿੱਲੀ।** ਕੇਂਦਰ ਸਰਕਾਰ ਨੇ ਅੱਜ ਕਿਹਾ ਕਿ ਕਰੋਨਾਵਾਇਰਸ ਮਹਾਮਾਰੀ ਦੀ ਤੀਜੀ ਲਹਿਰ ‘ਅਟੱਲ’ ਹੈ, ਹਾਲਾਂਕਿ ਇਹ ਕਦੋਂ ਆਵੇਗੀ ਇਸ ਦਾ ਪਹਿਲਾਂ ਤੋਂ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਇੱਥੇ ਅੱਜ ਇਕ ਪ੍ਰੈੱਸ ਮਿਲਣੀ ਦੌਰਾਨ ਸਿਹਤ ਮੰਤਰਾਲੇ ਦੇ ਅਧਿਕਾਰੀਆਂ ਨੇ ਕਿਹਾ ਕਿ ਦੇਸ਼ ਇਸ ‘ਤੀਬਰਤਾ’ ਦੀ ਜਿਸ ਲੰਬੀ ਕੋਵਿਡ ਲਹਿਰ ਦਾ ਸਾਹਮਣਾ ਕਰ ਰਿਹਾ ਹੈ ਉਸ ਦਾ ਪਹਿਲਾਂ ਤੋਂ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਸੀ। ਸਰਕਾਰ ਨੇ ਕਿਹਾ ਕਿ ਕਰਨਾਟਕ, ਕੇਰਲ ਤੇ ਉੱਤਰ ਪ੍ਰਦੇਸ਼ ਸਮੇਤ 12 ਰਾਜਾਂ ਵਿਚ ਕਰੋਨਾਵਾਇਰਸ ਦੇ ਇਸ ਵੇਲੇ ਇਕ ਲੱਖ ਤੋਂ ਵੱਧ ਮਰੀਜ਼ ਜ਼ੇਰੇ ਇਲਾਜ ਹਨ। ਕਰਨਾਟਕ, ਕੇਰਲ, ਤਾਮਿਲਨਾਡੂ, ਪੱਛਮੀ ਬੰਗਾਲ, ਰਾਜਸਥਾਨ ਤੇ ਬਿਹਾਰ ਉਨ੍ਹਾਂ ਰਾਜਾਂ ਵਿਚ ਸ਼ਾਮਲ ਹਨ ਜਿਨ੍ਹਾਂ ਵਿਚ ਰੋਜ਼ਾਨਾ ਦੇ ਕੇਸਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਸਰਕਾਰ ਨੇ ਕਿਹਾ ਕਿ 24 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ 15 ਫ਼ੀਸਦ ਤੋਂ ਵੱਧ ਪਾਜ਼ੇਟੀਵਿਟੀ ਦਰ ਹੈ। ਕੇਂਦਰ ਸਰਕਾਰ ਦੇ ਪ੍ਰਮੁੱਖ ਵਿਗਿਆਨਕ ਸਲਾਹਕਾਰ ਕੇ ਵਿਜੈ ਰਾਘਵਨ ਨੇ ਕਿਹਾ, ‘‘ਲਾਗ ਦੇ ਉੱਚ ਪੱਧਰ ਨੂੰ ਦੇਖਦੇ ਹੋਏ ਕਰੋਨਾਵਾਇਰਸ ਦੀ ਤੀਜੀ ਲਹਿਰ ਆਉਣਾ ‘ਅਟੱਲ’ ਹੈ ਪਰ ਇਹ ਸਪੱਸ਼ਟ ਨਹੀਂ ਕਿ ਇਹ ਕਦੋਂ ਆਵੇਗੀ। ਸਾਨੂੰ ਨਵੀਂ ਲਹਿਰ ਲਈ ਤਿਆਰ ਰਹਿਣਾ ਚਾਹੀਦਾ ਹੈ।’’ ਨੀਤੀ ਆਯੋਗ ਦੇ ਮੈਂਬਰ ਡਾ. ਵੀ.ਕੇ. ਪੌਲ ਨੇ ਡਾਕਟਰਾਂ ਨੂੰ ਅਪੀਲ ਕੀਤੀ ਕਿ ਉਹ ਕਰੋਨਾਵਾਇਰਸ ਲਾਗ ਨਾਲ ਪ੍ਰਭਾਵਿਤ ਹੋ ਕੇ ਘਰਾਂ ਵਿੱਚ ਇਕਾਂਤਵਾਸ ਪਰਿਵਾਰਾਂ ਨੂੰ ਟੈਲੀਫੋਨ ’ਤੇ ਸਲਾਹ-ਮਸ਼ਵਰਾ ਦੇਣ ਲਈ ਅੱਗੇ ਅਉਣ। ਉਨ੍ਹਾਂ ਕਿਹਾ, ‘‘ਬਦਲਦੇ ਵਾਇਰਸ ਦੀ ਪ੍ਰਤੀਕਿਰਿਆ ਇਕ ਬਰਾਬਰ ਰਹਿੰਦੀ ਹੈ। ਸਾਨੂੰ ਕੋਵਿਡ-19 ਸਬੰਧੀ ਢੁਕਵਾਂ ਵਿਵਹਾਰ ਜਿਵੇਂ ਕਿ ਮਾਸਕ ਪਾਉਣਾ, ਸਮਾਜਿਕ ਦੂਰੀ, ਸਾਫ਼-ਸਫ਼ਾਈ, ਗੈਰ-ਜ਼ਰੂਰੀ ਇਕੱਤਰਤਾਵਾਂ ਤੋਂ ਪਰਹੇਜ਼ ਕਰਨਾ ਅਤੇ ਘਰ ਵਿਚ ਹੀ ਰਹਿਣਾ ਯਕੀਨੀ ਬਣਾਉਣਾ ਚਾਹੀਦਾ ਹੈ।’’ ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ, ‘‘ਇਹ ਬਿਮਾਰੀ ਜਾਨਵਰਾਂ ਰਾਹੀਂ ਨਹੀਂ ਫੈਲ ਰਹੀ, ਬਲਕਿ ਇਸ ਦਾ ਪ੍ਰਸਾਰ ਮਨੁੱਖ ਤੋਂ ਮਨੁੱਖ ਵਿਚ ਹੋ ਰਿਹਾ ਹੈ।’’

ਉੱਧਰ, ਕੇਂਦਰੀ ਸਿਹਤ ਮੰਤਰਾਲੇ ਦੇ ਜੁਆਇੰਟ ਸਕੱਤਰ ਲਵ ਅਗਰਵਾਲ ਨੇ ਕਿਹਾ ਕਿ ਵਿਦੇਸ਼ਾਂ ਵਿਚੋਂ ਆ ਰਹੀ ਵਿਦੇਸ਼ੀ ਸਹਾਇਤਾ ਦੀ ਨਿਗਰਾਨੀ ਸੀਨੀਅਰ ਅਧਿਕਾਰੀਆਂ ਦੇ ਇਕ ਸਮੂਹ ਵੱਲੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ, ‘‘ਸਾਡੇ ਤਕਨੀਕੀ ਵਿੰਗ ਨੇ ਦਿਸ਼ਾ-ਨਿਰਦੇਸ਼ ਬਣਾਏ ਹਨ ਕਿ ਕਿਸ ਹਸਪਤਾਲ ਵਿਚ ਕਿਹੜੇ ਉਪਕਰਨ ਠੀਕ ਰਹਿਣਗੇ। ਜਿਸ ਕਿਸੇ ਹਸਪਤਾਲ ਵਿਚ ਕਿਸੇ ਉਪਕਰਨ ਦੀ ਲੋੜ ਮਹਿਸੂਸ ਹੁੰਦੀ ਹੈ ਉੱਥੇ ਉਹ ਉਪਕਰਨ ਤੁਰੰਤ ਭੇਜ ਦਿੱਤਾ ਜਾਂਦਾ ਹੈ।’’ ਸ੍ਰੀ ਅਗਰਵਾਲ ਨੇ ਕਿਹਾ ਕਿ ਮਹਾਰਾਸ਼ਟਰ ਵਿਚ 11 ਜ਼ਿਲ੍ਹਿਆਂ ’ਚ ਪਿਛਲੇ 14 ਦਿਨਾਂ ਤੋਂ ਕਰੋਨਾ ਕੇਸਾਂ ਦੀ ਗਿਣਤੀ ’ਚ ਲਗਾਤਾਰ ਨਿਘਾਰ ਆ ਰਿਹਾ ਹੈ ਜਦੋਂ ਕਿ ਸਾਤਾਰਾ ਤੇ ਸ਼ੋਲਾਪੁਰ ਵਰਗੇ ਕੁਝ ਜ਼ਿਲ੍ਹਿਆਂ ਵਿਚ ਪਿਛਲੇ ਦੋ ਹਫ਼ਤਿਆਂ ਤੋਂ ਕੇਸਾਂ ਦੀ ਗਿਣਤੀ ਲਗਾਤਾਰ ਵਧੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇਸ਼ ਭਰ ਵਿਚ ਸਿਹਤ ਸੰਭਾਲ ਖੇਤਰ ਦੀਆਂ ਸਮਰੱਥਾਵਾਂ ਵਧਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ।

## ਹੁਸ਼ਿਆਰਪੁਰ: ਮੋਟਰਸਾਈਕਲ ਤੇ ਕਾਰ ਵਿਚਾਲੇ ਸਿੱਧੀ ਟੱਕਰ ’ਚ ਤਿੰਨ ਬੱਚਿਆਂ ਸਣੇ ਪਰਿਵਾਰ ਦੇ 5 ਜੀਆਂ ਦੀ ਮੌਤ

**ਹੁਸ਼ਿਆਰਪੁਰ।** ਅੱਜ ਬਾਅਦ ਦੁਪਹਿਰ ਹੁਸ਼ਿਆਰਪੁਰ-ਚੰਡੀਗੜ੍ਹ ਸੜਕ ’ਤੇ ਪਿੰਡ ਜੈਤਪੁਰ ਦੇ ਅੱਡੇ ’ਚ ਸੜਕ ਹਾਦਸੇ ’ਚ ਪਰਿਵਾਰ ਦੇ 5 ਜੀਆਂ ਦੀ ਮੌਤ ਹੋ ਗਈ। ਮਰਨ ਵਾਲਿਆਂ ’ਚ ਪਤੀ-ਪਤਨੀ ਤੇ ਉਨ੍ਹਾਂ ਦੇ ਤਿੰਨ ਛੋਟੇ ਬੱਚੇ ਸ਼ਾਮਲ ਸਨ। ਬਾਅਦ ਦੁਪਹਿਰ ਕਰੀਬ ਢਾਈ ਵਜੇ ਲਿੰਕ ਸੜਕ ਤੋਂ ਹਾਈਵੇ ’ਤੇ ਚੜ੍ਹ ਰਹੇ ਮੋਟਰਸਾਈਕਲ ਦੀ ਹਾਈਵੇ ’ਤੇ ਜਾ ਰਹੀ ਕਾਰ ਨਾਲ ਟੱਕਰ ਹੋ ਗਈ। ਮੋਟਰਸਾਈਕਲ ਸਵਾਰ ਪੂਰੇ ਪਰਿਵਾਰ ਦੀ ਥਾਂ ’ਤੇ ਮੌਤ ਹੋ ਗਈ। ਮੋਟਰਸਾਈਕਲ ਪਿੰਡ ਬਾੜੀਆਂ ਕਲਾਂ ਵਲੋਂ ਆ ਰਿਹਾ ਸੀ, ਜਦੋਂ ਪਿੰਡ ਜੈਤਪੁਰ ਦੇ ਅੱਡੇ ’ਤੇ ਪਹੁੰਚਿਆ ਤਾਂ ਟਰੈਕਟਰ ਟਰਾਲੀ ਤੋਂ ਅੱਗੇ ਲੰਘਦਾ ਹੋਇਆ ਸਾਹਮਣੇ ਤੋਂ ਆ ਰਹੀ ਤੇਜ਼ ਰਫ਼ਤਾਰ ਕਾਰ ਨਾਲ ਟਕਰਾਅ ਗਿਆ। ਮੋਟਰਸਾਈਕਲ ਸਵਾਰ ਕਈ ਫੁੱਟ ਦੂਰ ਸੜਕ ’ਤੇ ਜਾ ਡਿੱਗੇ ਅਤੇ ਸਾਰਿਆਂ ਨੇ ਦਮ ਤੋੜ ਦਿੱਤਾ। ਕਾਰ ਵੀ ਬੇਕਾਬੂ ਹੋ ਕੇ ਦਰੱਖਤ ਵਿਚ ਜਾ ਵੱਜੀ ਅਤੇ ਕਾਰ ’ਚ ਸਵਾਰ ਦੋਵੇਂ ਵਿਅਕਤੀ ਵੀ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਸਿਵਲ ਹਸਪਤਾਲ ਹੁਸ਼ਿਆਰਪੁਰ ਦਾਖਲ ਕਰਵਾ ਦਿੱਤਾ ਗਿਆ ਹੈ। ਮੋਟਰਸਾਈਕਲ ਚਾਲਕ ਦੀ ਪਛਾਣ ਰਾਜੇਸ਼ ਕੁਮਾਰ (29) ਵਾਸੀ ਰਾਜਸਥਾਨ ਹਾਲ ਵਾਸੀ ਨੰਗਲ ਚੋਰਾਂ, ਉਸ ਦੀ ਪਤਨੀ ਕਮਲਦੀਪ ਕੌਰ, ਬੱਚਿਆਂ ਈਸ਼ਿਕਾ, ਅਨਾਨਿਆ ਤੇ ਮਿਸ਼ੂ ਵਜੋਂ ਹੋਈ ਹੈ। ਉਸ ਦੇ ਬੱਚਿਆਂ ਦੀ ਉਮਰ 8, 6 ਅਤੇ 5 ਸਾਲ ਦੀ ਸੀ। ਪੁਲੀਸ ਨੇ ਮੌਕੇ ’ਤੇ



ਪਹੁੰਚ ਕੇ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਲਿਆ। ਥਾਣਾ ਚੱਬੇਵਾਲ ਦੇ ਇੰਚਾਰਜ ਪ੍ਰਦੀਪ ਕੁਮਾਰ ਨੇ ਦੱਸਿਆ ਕਿ ਪੁਲੀਸ ਨੇ ਕਾਰ ਚਾਲਕ ਖਿਲਾਫ਼ ਧਾਰਾ 279/304/427 ਆਈ.ਪੀ.ਸੀ ਤਹਿਤ ਕੇਸ ਦਰਜ ਕੀਤਾ ਹੈ।

## ਪੰਜਾਬ ਸਰਕਾਰ ਦੀ ਕਰੋਨਾ ਖ਼ਿਲਾਫ਼ ਚੌਕਸੀ ਤੇ ਤਿਆਰੀ ‘ਜ਼ਿੰਦਾਬਾਦ’: ਡਰਾਈਵਰ ਲੈ ਰਿਹਾ ਕਰੋਨਾ ਦੇ ਨਮੂਨੇ

**ਮਹਿਲ ਕਲਾਂ।** ਪੰਜਾਬ ਸਰਕਾਰ ਕਰੋਨਾਵਾਇਰਸ ਦੇ ਵਧ ਰਹੇ ਕੇਸਾਂ ਦਾ ਹਵਾਲਾ ਦੇ ਕੇ ਮਿੰਨੀ ਤਾਲਾਬੰਦੀ ਸਮੇਤ ਕਈ ਤਰ੍ਹਾਂ ਦੀਆਂ ਪਾਬੰਦੀਆਂ ਆਇਦ ਕਰ ਰਹੀ ਹੈ ਅਤੇ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣ ਦਾ ਦਾਅਵਾ ਵੀ ਕਰ ਰਹੀ ਹੈ ਪਰ ਹਕੀਕਤ ਇਹ ਹੈ ਪੰਜਾਬ ਸਰਕਾਰ ਦੀ ਕਰੋਨਾ ਟੈਸਟ ਸੈਂਪਲਿੰਗ ਸਬੰਧੀ ਕੀਤੀ ਜਾ ਰਹੀ ਜਾਂਚ ’ਤੇ ਹੀ ਸਵਾਲ ਉੱਠ ਰਹੇ ਹਨ। ਮਹਿਲ ਕਲਾਂ ਵਿਖੇ ਅੱਜ ਪੁਲੀਸ ਨਾਕੇ ’ਤੇ ਸਿਹਤ ਵਿਭਾਗ ਦੀ ਟੀਮ ਵੱਲੋਂ ਲੋਕਾਂ ਦੀ ਕਰੋਨਾ ਸਬੰਧੀ ਟੈਸਟਿੰਗ ਕੀਤੀ ਜਾ ਰਹੀ ਸੀ ਪਰ ਟੈਸਟ ਲੈਣ ਲਈ ਸੈਂਪਲ ਸਿਹਤ ਵਿਭਾਗ ਦੀ ਆਰਬੀਐੱਸਕੇ ਸਕੀਮ ਵਿੱਚ ਆਰਜ਼ੀ ਡਰਾਈਵਰ ਜਸਪਾਲ ਸਿੰਘ ਵੱਲੋਂ ਲਏ ਜਾ ਰਹੇ ਸਨ। ਡਰਾਈਵਰ ਵੱਲੋਂ ਸੈਂਪਲ ਲੈਣ ਸਬੰਧੀ ਸੀਐੱਚਸੀ ਮਹਿਲ ਕਲਾਂ ਦੇ ਐੱਸਐੱਮਓ ਡਾ. ਹਰਜਿੰਦਰ ਸਿੰਘ ਸੂਦ ਨੇ ਕਿਹਾ ਕਿ ਉਨ੍ਹਾਂ ਇਸ ਬਾਰੇ ਹੁਣੇ ਪਤਾ ਲੱਗਾ ਹੈ ਤੇ ਉਹ ਇਸ ਮਾਮਲੇ ਦੀ ਜਾਂਚ ਕਰਵਾਉਣਗੇ ਤੇ ਜਾਂਚ ਉਪਰੰਤ ਹੀ ਕੁੱਝ ਕਿਹਾ ਜਾ ਸਕਦਾ ਹੈ। ਸੈਂਪਲ ਲੈਣ ਗਈ ਟੀਮ ਦੇ ਹੈਲਥ ਵਰਕਰ ਬੂਟਾ ਸਿੰਘ ਨੇ ਕਿਹਾ ਕਿ ਟੀਮ ਸੈਂਪਲ ਲੈਣ ਗਈ ਸੀ ਅਤੇ ਐੱਨਐੱਚਐੱਮ ਕਰਮਚਾਰੀ ਹੜਤਾਲ ’ਤੇ ਹੋਣ




ਕਾਰਨ ਕੰਮ ਦਾ ਬੋਝ ਜ਼ਿਆਦਾ ਹੈ, ਜਿਸ ਕਾਰਨ ਕੁੱਝ ਸੈਂਪਲ ਡਰਾਈਵਰ ਵੱਲੋਂ ਲਏ ਗਏ ਸਨ। ਡਰਾਈਵਰ ਰੋਜ਼ ਟੀਮ ਨਾਲ ਜਾਣ ਕਾਰਨ ਟਰੇਂਡ ਹੈ। ਇਸ ਤਰ੍ਹਾਂ ਸੈਂਪਲ ਲੈ ਰਹੇ ਡਰਾਈਵਰ ਦੀ ਜ਼ਿੰਦਗੀ ਵੀ ਜੋਖਮ ਵਿੱਚ ਪੈ ਰਹੀ ਹੈ ਕਿਉਂਕਿ ਉਸਨੂੰ ਪਹਿਨਣ ਲਈ ਪੀਪੀਈ ਕਿੱਟ ਵੀ ਨਹੀਂ ਦਿੱਤੀ ਗਈ ਤੇ ਨਾ ਹੀ ਮੂੰਹ ‘ਤੇ ਸ਼ੀਲਡ ਲਾਈ ਹੋਈ ਹੈ

OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL
WEB PRESENCE PROVIDER
SmartBrainz EXPLORE. CHOOSE. BUY.
TECHNOLOGY PROVIDER
WORLD PUNJABI NEWS NETWORK
NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਰੁਜ਼ਗਾਰ ਰਹਿਤ ਵਿਕਾਸ, ਵਿਕਾਸ ਨਹੀਂ

ਵਿਕਾਸ ਨੂੰ ਕੁੱਲ ਘਰੇਲੂ ਉਤਪਾਦਨ ਦੇ ਆਧਾਰ ਤੇ ਮਾਪਿਆ ਜਾਂਦਾ ਹੈ। ਇਕ ਸਾਲ ਵਿਚ ਵਸਤੂਆਂ ਅਤੇ ਸੇਵਾਵਾਂ ਦੇ ਕੁੱਲ ਮੁੱਲ ਵਿਚ ਜਿੰਨੇ ਫ਼ੀਸਦ ਵਾਧਾ ਹੋਵੇ, ਓਨੀ ਹੀ ਉਸ ਦੇਸ਼ ਦੀ ਵਿਕਾਸ ਦਰ ਹੈ। ਉਂਜ, ਇਹ ਵੀ ਹੋ ਸਕਦਾ ਹੈ ਅਤੇ ਹੋ ਰਿਹਾ ਹੈ ਕਿ ਵਿਕਾਸ ਦਰ ਤਾਂ ਵਧ ਰਹੀ ਹੈ ਜਾਂ ਵਿਕਾਸ ਤਾਂ ਹੋ ਰਿਹਾ ਹੈ ਪਰ ਰੁਜ਼ਗਾਰ ਲਗਾਤਾਰ ਘਟ ਰਿਹਾ ਹੈ। ਕਾਰਨ? ਕਾਰਨ ਇਹ ਕਿ ਉਤਪਾਦਨ ਵਧਾਉਣ ਲਈ ਜਿਸ ਤਰ੍ਹਾਂ ਆਟੋਮੇਸ਼ਨ, ਰਿਮੋਟ ਕੰਟਰੋਲ ਅਤੇ ਵਿਸ਼ੇਸ਼ ਮਸ਼ੀਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਉਨ੍ਹਾਂ ਸਭ ਦਾ ਮਕਸਦ ਕਿਰਤ ਦੀ ਜਗ੍ਹਾ ਪੂੰਜੀ ਵਰਤਣਾ ਹੈ। ਇਹੋ ਵਜ੍ਹਾ ਹੈ ਕਿ ਪਿਛਲੇ ਸਾਲ ਭਾਰਤ ਵਿਚ ਬੇਰੁਜ਼ਗਾਰੀ ਦੀ ਦਰ ਪਿਛਲੇ ਕਈ ਦਹਾਕਿਆਂ ਤੋਂ ਸਭ ਤੋਂ ਵੱਧ 6 ਫ਼ੀਸਦੀ ਰਹੀ। ਮਨੁੱਖੀ ਸਾਧਨਾਂ ਦਾ ਨਾ ਵਰਤਿਆ ਜਾਣਾ, ਮੁਲਕ ਦੇ ਸਾਧਨਾਂ ਦਾ ਵੱਡਾ ਨੁਕਸਾਨ ਹੈ, ਕਿਉਂ ਜੋ ਜਿਹੜੀ ਕਿਰਤ ਅੱਜ ਨਹੀਂ ਕੀਤੀ ਗਈ, ਉਹ ਜਾਇਆ ਜਾਂਦੀ ਹੈ। ਉਸ ਕਿਰਤ ਨੂੰ ਜਮ੍ਹਾਂ ਕਰ ਕੇ ਤਾਂ ਰੱਖਿਆ ਨਹੀਂ ਜਾ ਸਕਦਾ। ਇਉਂ, ਦੁਨੀਆ ਭਰ ਵਿਚ ਦੂਸਰੀ ਵੱਡੀ ਕਿਰਤ ਸ਼ਕਤੀ ਵਾਲੇ ਮੁਲਕ ਭਾਰਤ ਵਿਚ ਕਿਰਤ ਸ਼ਕਤੀ ਦੇ ਨਾ ਵਰਤਣ ਦਾ ਕਿੰਨਾ ਨੁਕਸਾਨ ਉਠਾਇਆ ਜਾ ਰਿਹਾ ਹੈ, ਇਸ ਦਾ ਕੋਈ ਹਿਸਾਬ ਹੀ ਨਹੀਂ। ਇਸ ਪ੍ਰਤੱਖ ਕਿਰਤ ਵਿਚ ਅਰਧ-ਬੇਰੁਜ਼ਗਾਰੀ ਅਤੇ ਲੁਕੀ ਛਿਪੀ ਬੇਰੁਜ਼ਗਾਰੀ ਨਹੀਂ ਗਿਣੀ ਜਾਂਦੀ, ਜਿਹੜੀ ਭਾਰਤ ਵਿਚ ਦੁਨੀਆ ਭਰ ਤੋਂ ਵੱਧ ਇਸ ਕਰ ਕੇ ਹੈ ਕਿ ਇੱਥੋਂ ਦੀ 60 ਫ਼ੀਸਦੀ ਵਸੋਂ ਖੇਤੀ ਤੇ ਨਿਰਭਰ ਕਰਦੀ ਹੈ। ਖੇਤੀ ਵਿਚ ਜ਼ਿਆਦਾਤਰ ਵਸੋਂ ਅਰਧ-ਬੇਰੁਜ਼ਗਾਰ ਅਤੇ ਲੁਕੀ ਛਿਪੀ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੀ ਹੈ। ਉਨ੍ਹਾਂ ਲੋਕਾਂ ਕੋਲ ਕੰਮ ਦੀ ਘਾਟ ਹੈ, ਭਾਵੇਂ ਉਹ ਕੰਮ ਕਰ ਕੇ ਉਤਪਾਦਨ ਵਧਾਉਣਾ ਵੀ ਚਾਹੁੰਦੇ ਹਨ।



ਦੁਨੀਆ ਵਿਚ ਸੋਵੀਅਤ ਯੂਨੀਅਨ ਪਹਿਲਾ ਮੁਲਕ ਸੀ ਜਿਸ ਨੇ ਕੰਮ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਬਣਾਇਆ ਸੀ। ਜੇ ਕਿਸੇ ਨੂੰ ਰੁਜ਼ਗਾਰ ਨਹੀਂ ਮਿਲਦਾ ਤਾਂ ਉਹ ਸਰਕਾਰ ਖ਼ਿਲਾਫ਼ ਮੁਕੱਦਮਾ ਕਰ ਸਕਦਾ ਹੈ। ਸੋਵੀਅਤ ਯੂਨੀਅਨ ਵਿਚ ਕੀਤੀ ਇਸ ਵਿਵਸਥਾ ਨੇ ਦੁਨੀਆ ਭਰ ਦੇ ਮਨੁੱਖੀ ਅਧਿਕਾਰਾਂ ਨੂੰ ਪ੍ਰਭਾਵਿਤ ਕੀਤਾ। ਅਮਰੀਕਾ ਅਤੇ ਯੂਰੋਪ ਦੇ ਮੁਲਕਾਂ ਵਿਚ ਬੇਰੁਜ਼ਗਾਰੀ ਭੱਤੇ ਦੀ ਵਿਵਸਥਾ ਇਸ ਅਧਿਕਾਰ ਤੋਂ ਬਾਅਦ ਕੀਤੀ ਗਈ। ਬੇਰੁਜ਼ਗਾਰੀ ਭੱਤਾ ਦੇਣ ਨਾਲ ਜਿੱਥੇ ਇਕ ਜਣੇ ਦੀ ਆਮਦਨ ਬਣੀ ਰਹਿੰਦੀ ਹੈ, ਉੱਥੇ ਉਸ ਵੱਲੋਂ ਆਪਣੇ ਖ਼ਰਚ ਵਿਚ ਕਮੀ ਨਹੀਂ ਕੀਤੀ ਜਾਂਦੀ। ਉਹ ਬਾਜ਼ਾਰ ਵਿਚ ਆਈਆਂ ਵਸਤੂਆਂ ਤੇ ਸੇਵਾਵਾਂ ਖ਼ਰੀਦਦਾ ਰਹਿੰਦਾ ਅਤੇ ਉਨ੍ਹਾਂ ਵਸਤੂਆਂ ਉੱਤੇ ਉਨ੍ਹਾਂ ਵਸਤੂਆਂ ਤੇ ਸੇਵਾਵਾਂ ਦਾ ਬਣਨਾ ਜਾਰੀ ਰਹਿੰਦਾ ਹੈ। ਇਉਂ ਉਸ ਲਈ ਲੋੜੀਂਦੀ ਕਿਰਤ ਸ਼ਕਤੀ ਨੂੰ ਕੰਮ ਲਗਾਤਾਰ ਮਿਲਦਾ ਰਹਿੰਦਾ ਹੈ।

ਭਾਰਤੀ ਆਰਥਿਕਤਾ ਵਿਚ ਕੰਮ ਦਾ ਅਧਿਕਾਰ ਨਹੀਂ, ਮਾਮੂਲੀ ਜਿਹਾ ਬੇਰੁਜ਼ਗਾਰੀ ਭੱਤਾ ਕੁਝ ਵਰਗਾਂ ਨੂੰ ਮਿਲਦਾ ਹੈ। ਇਸ ਨਾਲ ਜਦੋਂ ਬੇਰੁਜ਼ਗਾਰ ਵਸੋਂ ਦੀ ਆਮਦਨ ਘਟਦੀ ਹੈ ਤਾਂ ਉਹ ਵਸਤੂਆਂ ਅਤੇ ਸੇਵਾਵਾਂ ਖ਼ਰੀਦਣ ਦੇ ਕਾਬਿਲ ਇਸ ਕਰ ਕੇ ਨਹੀਂ ਰਹਿੰਦੇ ਕਿ ਉਨ੍ਹਾਂ ਦੀ ਖ਼ਰੀਦ ਸ਼ਕਤੀ ਘਟ ਗਈ ਹੈ। ਬਾਜ਼ਾਰ ਵਿਚ ਆਈਆਂ ਵਸਤੂਆਂ ਅਤੇ ਸੇਵਾਵਾਂ ਵਿਕਦੀਆਂ ਨਹੀਂ, ਹੋਰ ਬਣਾਉਣ ਦੀ ਲੋੜ ਨਹੀਂ। ਜੇ ਹੋਰ ਵਸਤੂਆਂ ਜਾਂ ਸੇਵਾਵਾਂ ਨਹੀਂ ਬਣਨੀਆਂ ਤਾਂ ਕਿਰਤ ਦੀ ਜ਼ਰੂਰਤ ਨਹੀਂ। ਇਉਂ ਕਿਰਤ ਬੇਰੁਜ਼ਗਾਰ ਹੋ ਜਾਂਦੀ ਹੈ, ਉਨ੍ਹਾਂ ਦੀ ਆਮਦਨ ਹੋਰ ਘਟ ਜਾਂਦੀ ਹੈ ਅਤੇ ਇਸ ਤਰ੍ਹਾਂ ਬੇਰੁਜ਼ਗਾਰੀ, ਘੱਟ ਵਿਕਰੀ, ਘੱਟ ਉਤਪਾਦਨ ਤੇ ਫਿਰ ਘੱਟ ਰੁਜ਼ਗਾਰ ਦਾ ਬੁਰਾ ਚੱਕਰ ਚੱਲਦਾ ਰਹਿੰਦਾ ਹੈ। 1927 ਵਿਚ ਜਦੋਂ ਦੁਨੀਆ ਭਰ ਵਿਚ ਵੱਡੀ ਮੰਦੀ ਆਈ ਸੀ ਤਾਂ ਵਸਤੂਆਂ ਸਸਤੀਆਂ ਹੋ ਕੇ ਵੀ ਨਹੀਂ ਸਨ ਵਿਕਦੀਆਂ, ਕਿਉਂ ਜੋ ਲੋਕਾਂ ਕੋਲ ਖ਼ਰੀਦ ਸ਼ਕਤੀ ਨਹੀਂ ਸੀ ਅਤੇ ਇਹ ਮੰਦੀ ਜਿਹੜੀ ਦੁਨੀਆ ਭਰ ਵਿਚ ਫੈਲੀ ਹੋਈ ਸੀ, ਉਹ ਉਸ ਵਕਤ ਦੀ ਹਰ ਸਰਕਾਰ ਦੀ ਸਭ ਤੋਂ ਵੱਡੀ ਸਮੱਸਿਆ ਬਣੀ ਹੋਈ ਸੀ ਜਿਸ ਦਾ ਕੋਈ ਹੱਲ ਨਹੀਂ ਸੀ ਲੱਭਦਾ। ਉਸ ਵਕਤ ਇਹ ਸਮੱਸਿਆ ਸੋਵੀਅਤ ਯੂਨੀਅਨ ਵਿਚ ਨਹੀਂ ਸੀ ਆਈ, ਕਿਉਂ ਜੋ ਉੱਥੋਂ ਦੀ ਪ੍ਰਣਾਲੀ ਅਨੁਸਾਰ ਹਰ ਇਕ ਕੋਲ ਰੁਜ਼ਗਾਰ ਸੀ, ਹਰ ਇਕ ਕੋਲ ਆਮਦਨ ਸੀ, ਹਰ ਕੋਈ ਖ਼ਰਚ ਕਰਦਾ ਸੀ। ਪਹਿਲੀਆਂ ਵਸਤੂਆਂ ਵਿਕਦੀਆਂ ਸਨ, ਨਵੀਆਂ ਬਣਨ ਦੀ ਲੋੜ ਸੀ ਪਰ ਪੂੰਜੀਪਤੀ ਮੁਲਕਾਂ ਵਿਚ ਇਸ ਗੰਭੀਰ ਸਮੱਸਿਆ ਦਾ ਹੱਲ ਖ਼ਰੀਦ ਸ਼ਕਤੀ ਨੂੰ ਵਧਾਉਣਾ ਹੀ ਸਾਹਮਣੇ ਆਇਆ ਜਿਹੜਾ ਰੁਜ਼ਗਾਰ ਤੇ ਆਧਾਰਿਤ ਤਾਂ ਸੀ ਪਰ ਰੁਜ਼ਗਾਰ ਵਧਾਇਆ ਨਹੀਂ ਸੀ ਜਾ ਸਕਦਾ। ਇਸ ਕਰ ਕੇ ਹੀ ਉਸ ਵਕਤ ਇਸ ਸਮੱਸਿਆ ਦਾ ਹੱਲ ਦੇਣ ਵਾਲੇ ਪ੍ਰਸਿੱਧ ਅਰਥ ਸ਼ਾਸਤਰੀ ਕੇਅਨਜ਼ ਨੇ ਸਰਕਾਰੀ ਖ਼ਰਚ ਵਧਾਉਣ ਅਤੇ ਲੋਕਾਂ ਦੀ ਖ਼ਰੀਦ ਸ਼ਕਤੀ ਵਧਾਉਣ ਲਈ ਆਰਜ਼ੀ ਪ੍ਰਬੰਧ ਜਿਵੇਂ ਕਰਜ਼ਾ ਦੇਣਾ, ਕਿਸ਼ਤਾਂ ਤੇ ਵਸਤੂਆਂ ਵੇਚਣੀਆਂ ਅਤੇ ਸਰਕਾਰੀ ਕਾਰੋਬਾਰ ਵਿਚ ਰੁਜ਼ਗਾਰ ਵਧਾਉਣ ਨਾਲ ਉਸ ਸਮੱਸਿਆ ਦੇ ਹੱਲ ਵਜੋਂ ਸਾਹਮਣੇ ਲਿਆਂਦਾ। ਇਸ ਦਾ ਚੰਗਾ ਪ੍ਰਭਾਵ ਪਿਆ ਅਤੇ ਆਰਥਿਕਤਾ ਵਿਚ ਫਿਰ ਉਭਾਰ ਆਇਆ।

ਕਿਸੇ ਵੀ ਮੁਲਕ ਦੇ ਲਗਾਤਾਰ ਚੱਲਣ ਵਾਲੇ ਵਿਕਾਸ ਦਾ ਆਧਾਰ ਹੈ, ਉੱਥੇ ਲਗਾਤਾਰ ਖ਼ਪਤ ਜਾਰੀ ਰਹਿਣਾ, ਜਿਹੜਾ ਸਿੱਧੇ ਤੌਰ ਤੇ ਖ਼ਰੀਦ ਸ਼ਕਤੀ ਜਾਂ ਰੁਜ਼ਗਾਰ ਤੇ ਨਿਰਭਰ ਕਰਦਾ ਹੈ। ਭਾਰਤ ਵਿਚ ਗ਼ਰੀਬੀ ਦੀ ਪਰਿਭਾਸ਼ਾ ਇਹ ਦਿੱਤੀ ਗਈ ਹੈ ਕਿ ਜਿਸ ਸ਼ਖ਼ਸ ਦੀ ਪਿੰਡ ਵਿਚ ਰੋਜ਼ਾਨਾ ਆਮਦਨ 27 ਰੁਪਏ ਅਤੇ ਸ਼ਹਿਰ ਵਿਚ 32 ਰੁਪਏ ਤੋਂ ਘੱਟ ਹੈ, ਉਹ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਹੈ; ਭਾਵੇਂ ਇੰਨੀ ਆਮਦਨ ਨਾਲ ਦੋ ਵਕਤ ਦਾ ਖਾਣਾ ਵੀ ਸੰਭਵ ਨਹੀਂ। ਫਿਰ ਵੀ ਇਸ ਪਰਿਭਾਸ਼ਾ ਅਨੁਸਾਰ ਦੇਸ਼ ਦੇ 22 ਫ਼ੀਸਦੀ ਜਾਂ ਕਰੀਬ 30 ਕਰੋੜ ਲੋਕ ਗ਼ਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੇ ਹਨ ਅਤੇ ਉਨ੍ਹਾਂ ਦੀ ਗ਼ਰੀਬੀ ਦਾ ਮੁੱਖ ਕਾਰਨ ਉਨ੍ਹਾਂ ਦੀ ਬੇਰੁਜ਼ਗਾਰੀ ਹੈ।

1977 ਵਿਚ ਮੁਲਕ ਵਿਚ ਜਨਤਾ ਪਾਰਟੀ ਦੀ ਸਰਕਾਰ ਬਣੀ। ਉਸ ਸਰਕਾਰ ਨੇ ਉਸ ਵਕਤ ਮੁਲਕ ਦੇ ਸਿਰਫ਼ 5 ਕਰੋੜ ਲੋਕਾਂ ਦੀ ਬੇਰੁਜ਼ਗਾਰਾਂ ਵਜੋਂ ਪਛਾਣ ਕੀਤੀ ਸੀ ਅਤੇ ਆਮ ਯੋਜਨਾ ਦੇ ਨਾਲ ਨਾਲ ਰੁਜ਼ਗਾਰ ਯੋਜਨਾ ਬਣਾਈ ਸੀ। ਇਸ ਯੋਜਨਾ ਤਹਿਤ ਇਹ ਵਿਵਸਥਾ ਕੀਤੀ ਗਈ ਕਿ ਹਰ ਸਾਲ ਇਕ ਕਰੋੜ ਲੋਕਾਂ ਨੂੰ ਨਵੇਂ ਰੁਜ਼ਗਾਰ ਦਿੱਤੇ ਜਾਣਗੇ। ਉਸ ਉਦੇਸ਼ ਲਈ ਯੋਜਨਾਬੰਦ ਢੰਗ ਨਾਲ ਕਾਫ਼ੀ ਕੰਮ ਵੀ ਹੋਇਆ ਪਰ ਸਿਰਫ਼ ਢਾਈ ਸਾਲ ਬਾਅਦ ਉਹ ਸਰਕਾਰ ਖ਼ਤਮ ਹੋ ਗਈ। 1980 ਵਿਚ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਬਣੀ ਤਾਂ ਇਸ ਸਰਕਾਰ ਨੇ ਵੀ ਬੇਰੁਜ਼ਗਾਰੀ ਨੂੰ ਵਿਕਾਸ ਦੀ ਸਭ ਤੋਂ ਵੱਡੀ ਰੁਕਾਵਟ ਸਮਝਿਆ ਸੀ। ਕਾਂਗਰਸ ਪਾਰਟੀ ਨੇ ਭਾਵੇਂ ਜਨਤਾ ਪਾਰਟੀ ਵਾਲੀ ਰੁਜ਼ਗਾਰ ਯੋਜਨਾ ਤਾਂ ਨਾ ਅਪਣਾਈ ਪਰ ਰੁਜ਼ਗਾਰ ਵਧਾਉਣ ਲਈ ਸਵੈ-ਰੁਜ਼ਗਾਰ ਪੈਦਾ ਕਰਨ ਲਈ ਸਕੀਮ ਲਾਗੂ ਕੀਤੀ ਜਿਸ ਵਿਚ ਰੁਜ਼ਗਾਰ ਪ੍ਰਾਪਤ ਕਰਨ ਵਾਲਿਆਂ ਲਈ ਕੁਝ ਸਕੀਮਾਂ ਅਧੀਨ ਪਹਿਲਾਂ ਸਿਖਲਾਈ ਤੇ ਫਿਰ ਉਹ ਕੰਮ ਸ਼ੁਰੂ ਕਰਨ ਲਈ ਕਰਜ਼ਾ ਤੇ ਫਿਰ ਉਸ ਕਰਜ਼ੇ ਵਿਚ ਸਬਸਿਡੀ ਦੀ ਵਿਵਸਥਾ ਕੀਤੀ ਗਈ ਤਾਂ ਕਿ ਵੱਧ ਤੋਂ ਵੱਧ ਲੋਕਾਂ ਨੂੰ ਉਤਸ਼ਾਹਿਤ ਕਰ ਕੇ ਰੁਜ਼ਗਾਰ ਵਧਾਇਆ ਜਾਵੇ। ਇਸ ਨੀਤੀ ਦੇ ਚੰਗੇ ਪ੍ਰਭਾਵ ਪਏ। ਇਸ ਵਿਚ ਬਹੁਤ ਸਾਰੀਆਂ ਉਹ ਸਕੀਮਾਂ ਸਨ ਜੋ ਖੇਤੀ ਆਧਾਰਿਤ ਸਨ ਅਤੇ ਉਨ੍ਹਾਂ ਨਾਲ ਖੇਤੀ ਵਿਚੋਂ ਅਰਧ-ਬੇਰੁਜ਼ਗਾਰੀ ਵੀ ਦੂਰ ਹੋਈ ਸੀ।

ਉਂਜ ਇਨ੍ਹਾਂ ਦੋ ਵੱਡੇ ਯਤਨਾਂ ਤੋਂ ਬਾਅਦ ਰੁਜ਼ਗਾਰ ਵਧਾਉਣ ਦੇ ਫਰੰਟ ਤੇ ਕੋਈ ਗੰਭੀਰ ਯੋਜਨਾ ਨਹੀਂ ਅਪਣਾਈ ਗਈ ਸਗੋਂ 1991 ਵਿਚ ਕੌਮਾਂਤਰੀ ਪ੍ਰਭਾਵ ਅਧੀਨ ਭਾਰਤ ਵਿਚ ਵੀ ਨਿਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੀ ਨੀਤੀ ਅਪਣਾਈ ਗਈ। ਸੰਸਾਰ ਵਪਾਰ ਸੰਸਥਾ ਅਧੀਨ ਵਿਦੇਸ਼ਾਂ ਦੀਆਂ ਵਸਤੂਆਂ ਦੀ ਦਰਾਮਦ ਵਿਚ ਬਹੁਤ ਵੱਡਾ ਵਾਧਾ ਹੋਇਆ ਜਿਨ੍ਹਾਂ ਨੇ ਭਾਰਤ ਵਿਚ ਬਣਦੀਆਂ ਵਸਤੂਆਂ ਦੀ ਜਗ੍ਹਾ ਲੈ ਲਈ। ਨਤੀਜੇ ਵਜੋਂ ਭਾਰਤੀ ਵਸਤੂਆਂ ਨਾ ਵਿਕੀਆਂ, ਇਸ ਲਈ ਪਹਿਲਾਂ ਤਾਂ ਭਾਰਤੀ ਉਦਯੋਗਾਂ ਦਾ ਕੰਮ ਘਟਿਆ, ਫਿਰ ਉਹ ਬੰਦ ਹੋਣ ਲੱਗ ਪਿਆ। ਅੱਜ ਕਰੋੜਾਂ ਲੋਕ ਸਿਰਫ਼ ਇਸ ਕਰ ਕੇ ਬੇਰੁਜ਼ਗਾਰ ਹਨ ਕਿ ਭਾਰਤੀ ਮੰਡੀਆਂ ਵਿਚ ਵਿਦੇਸ਼ੀ ਵਸਤੂਆਂ ਦੀ ਭਰਮਾਰ ਹੈ।


ਹੁਣ ਭਾਰਤੀ ਆਰਥਿਕਤਾ ਦੀ ਸਭ ਤੋਂ ਵੱਡੀ ਸਮੱਸਿਆ ਬੇਰੁਜ਼ਗਾਰੀ ਦੀ ਹੈ ਜਿਸ ਨਾਲ ਵੱਡੀ ਗਿਣਤੀ ਵਿਚ ਭਾਰਤੀ ਪ੍ਰਭਾਵਿਤ ਹਨ। ਭਾਰਤ ਦੇ ਨੌਜਵਾਨ ਜਿਹੜੇ ਮੁਲਕ ਦਾ ਧਨ ਹਨ, ਉਹ ਜ਼ਮੀਨਾਂ-ਜਾਇਦਾਦਾਂ ਵੇਚ ਕੇ ਬਾਹਰਲੇ ਮੁਲਕਾਂ ਵੱਲ ਜਾ ਰਹੇ ਹਨ। ਇਸ ਦਾ ਮੁੱਖ ਕਾਰਨ ਉਨ੍ਹਾਂ ਮੁਲਕਾਂ ਵਿਚ ਮਿਲਦਾ ਰੁਜ਼ਗਾਰ ਅਤੇ ਉੱਚੀਆਂ ਉਜਰਤਾਂ ਹਨ ਜਿਹੜੀਆਂ ਉਨ੍ਹਾਂ ਨੂੰ ਆਪਣੀ ਧਰਤੀ ਅਤੇ ਆਪਣੇ ਲੋਕਾਂ ਤੋਂ ਤੋੜ ਕੇ ਵਿਦੇਸ਼ਾਂ ਵਿਚ ਜਾਣ ਲਈ ਮਜਬੂਰ ਕਰ ਰਹੀ ਹੈ। ਭਾਰਤੀ ਸਿਆਸਤ ਵਿਚ ਵੋਟ ਦੀ ਸਿਆਸਤ ਤੋਂ ਉਪਰ ਉੱਠ ਕੇ ਉਨ੍ਹਾਂ ਨੀਤੀਵਾਨਾਂ ਦੀ ਅਗਵਾਈ ਦੀ ਲੋੜ ਹੈ ਜਿਹੜੇ ਇਸ ਮੁੱਖ ਸਮੱਸਿਆ ਦੇ ਹੱਲ ਵਿਚ ਆਉਣ ਵਾਲੀਆਂ ਔਕੜਾਂ, ਜਿਨ੍ਹਾਂ ਵਿਚ ਕੌਮਾਂਤਰੀ ਵਪਾਰ ਨੂੰ ਸੁਰੱਖਿਆ ਦੇਣੀ, ਭਾਰਤ ਵਿਚ ਵਧਦੀ ਆਮਦਨ ਨਾ-ਬਰਾਬਰੀ ਜਿਹੜੀ ਵਿਕਾਸ ਦੀ ਮੁੱਲ ਰੁਕਾਵਟ ਵੀ ਹੈ, ਨੂੰ ਦੂਰ ਕਰਨਾ ਅਤੇ ਖ਼ਰੀਦ ਸ਼ਕਤੀ ਬਣਾਈ ਰੱਖਣ ਅਤੇ ਵਧਾਉਣ ਲਈ ਉਹ ਵਿਵਸਥਾ ਕਰੇ ਜਿਸ ਨਾਲ ਇਕ ਤਰਫ਼ ਤਾਂ ਲਗਾਤਾਰ ਚੱਲਣ ਵਾਲੀ ਖਪਤ ਹੋਵੇ ਅਤੇ ਦੂਸਰੀ ਤਰਫ਼ ਲਗਾਤਾਰ ਚੱਲਣ ਵਾਲਾ ਵਿਕਾਸ ਹੋਵੇ ਜਿਹੜਾ ਅਗਾਂਹ ਰੁਜ਼ਗਾਰ ਵਿਚ ਵਾਧਾ ਕਰੇ।

**ਡਾ. ਸ ਸ ਛੀਨਾ**

# ਭਾਰਤ ਬਾਰੇ ਲੇਖ ਲਿਖਣ ਵਾਲਾ ਨੀਝਵਾਨ ਚਿੰਤਕ

'ਨਿਊਯਾਰਕ ਡੇਲੀ ਟ੍ਰਿਬਿਊਨ' ਦੇ ਪ੍ਰਧਾਨ ਇਮਾਨੁਅਲ ਓਲਵਿਸ ਨੇ ਕਾਰਲ ਮਾਰਕਸ ਦੇ ਲੇਖਾਂ ਦੀ ਲੜੀ ਛਾਪਣ ਤੋਂ ਪਹਿਲਾਂ ਅਖ਼ਬਾਰ ਵਿਚ ਇੱਕ ਸੰਦੇਸ਼ ਦਿੱਤਾ, ਜਿਸ ਵਿਚ ਉਸ ਨੇ ਲਿਖਿਆ, "ਨਵੇਂ ਯੁੱਗ ਵਿਚ ਪੁਰਾਣੀਆਂ ਜੁੱਤੀਆਂ ਨਾਲ ਨਹੀਂ ਤੁਰਿਆ ਜਾ ਸਕਦਾ। ਅਮਰੀਕਨਾਂ ਦੀ ਵਿਸ਼ਵ ਉੱਪਰ ਚੌਧਰ ਲਈ ਪੁਰਾਣੇ ਚੌਧਰੀਆਂ (ਬਰਤਾਨਵੀ ਸਾਮਰਾਜ) ਦਾ ਮੂਧੇ ਮੂੰਹ ਡਿੱਗਣਾ ਜ਼ਰੂਰੀ ਹੈ। ਇਸ ਲਈ ਐਸੇ ਵਿਅਕਤੀ ਦਾ ਨਜ਼ਰੀਆ ਅਸੀਂ ਲੜੀਵਾਰ ਛਾਪਾਂਗੇ, ਜਿਸ ਨੂੰ ਅੱਜ ਇਕ ਸੰਤ ਦਾ ਦਰਜਾ ਦਿੱਤਾ ਜਾ ਰਿਹਾ ਹੈ।"

ਜਦੋਂ ਲੰਡਨ ਵਿਚ ਦੁਨੀਆਂ ਦਾ ਇਕ ਮਹਾਨ ਦਾਰਸ਼ਨਿਕ ਅਤੇ ਚਿੰਤਕ ਇਤਿਹਾਸ ਵਿਚ ਹੁੰਦੀ ਕਿਰਤ ਦੀ ਲੁੱਟ ਤੋਂ ਸਾਰੇ ਸੰਸਾਰ ਦੇ ਕਿਰਤੀਆਂ ਦੀ ਬੰਦਖ਼ਲਾਸੀ ਦਾ ਮੰਤਰ ਤਲਾਸ਼ ਰਿਹਾ ਸੀ, ਭਾਰਤ ਉਸੇ ਵੇਲੇ ਬਸਤੀਵਾਦ ਵਿਰੁੱਧ ਆਪਣੀ ਜੱਦੋ-ਜਹਿਦ ਕਰ ਰਿਹਾ ਸੀ। ਸੱਭਿਅਤਾ ਦੇ ਇਸ ਮੁੱਢਲੇ ਕੇਂਦਰ 'ਤੇ ਪੂੰਜੀਵਾਦੀ ਧਾਵੇ ਤੇ ਵਿਨਾਸ਼ ਦਾ ਇਹ ਮੰਜ਼ਰ ਫਿਰ ਮਾਰਕਸ ਦੀਆਂ ਅੱਖਾਂ ਤੋਂ ਓਹਲੇ ਕਿਵੇਂ ਰਹਿ ਸਕਦਾ ਸੀ। ਮਾਰਕਸ ਬ੍ਰਿਟਿਸ਼ ਇੰਪੀਰੀਅਲ ਲਾਇਬਰੇਰੀ ਜਾ ਕੇ ਸਰੋਤਾਂ ਦੀ ਪੁਣ-ਛਾਣ ਵਿਚ ਜੁੱਟ ਗਿਆ। ਇਸੇ ਦੌਰਾਨ ਮਾਰਕਸ ਦਾ ਪੁਰਾਣਾ ਮਿੱਤਰ ਐਡੋਲਫ਼ ਕਲੱਸ (1825-1905) ਜੋ ਕਮਿਊਨਿਸਟ ਲੀਗ ਦਾ ਮੈਂਬਰ ਸੀ, ਅਮਰੀਕਾ ਵਿਚ ਚਲਾ ਗਿਆ ਤੇ ਉੱਥੇ ਉਸ ਨੇ ਮਜ਼ਦੂਰ ਸੰਗਠਨਾਂ ਲਈ ਕੰਮ ਕੀਤਾ। ਕਲੱਸ ਨੇ ਕੁਝ ਸਾਲਾਂ ਬਾਅਦ ਜਥੇਬੰਦਕ ਅਤੇ ਰਾਜਨੀਤਕ ਕੰਮ ਤਿਆਗ ਦਿੱਤੇ ਤੇ ਅਮਰੀਕਾ ਦਾ ਪ੍ਰਸਿੱਧ ਇਮਾਰਤਸਾਜ਼ ਬਣਿਆ। ਉਸ ਨੇ ਮਾਰਕਸ ਦੀ ਆਰਥਿਕ ਦੁਸ਼ਵਾਰੀ ਵਿਚ ਸਹਾਇਤਾ ਕੀਤੀ ਤੇ 'ਨਿਊਯਾਰਕ ਡੇਲੀ ਟ੍ਰਿਬਿਊਨ' ਲਈ ਲੇਖ ਲਿਖਣ ਦਾ ਇਕਰਾਰ ਕਰਵਾ ਦਿੱਤਾ। ਪਰ ਇਹ ਸ਼ਰਤ ਤੈਅ ਕੀਤੀ ਗਈ ਕਿ ਇਨ੍ਹਾਂ ਲੇਖਾਂ ਦੀ ਸੁਰ ਬਸਤੀਵਾਦੀ ਆਰਥਿਕਤਾ ਦੇ ਖ਼ਿਲਾਫ਼ ਹੋਵੇਗੀ। ਉਂਜ ਮਜ਼ਦੂਰਾਂ ਦੀ ਸੰਗਠਨਾਤਮਕ ਲੋੜ ਜਾਂ ਪੂੰਜੀ ਦੇ ਲੋਟੂ ਵਿਹਾਰ ਬਾਰੇ ਪ੍ਰਚੱਲਿਤ ਮਾਰਕਸੀ ਪਹੁੰਚ ਵਾਲੇ ਲੇਖ ਛਾਪਣ ਤੋਂ ਟਾਲਾ ਹੀ ਵੱਟਿਆ ਜਾਂਦਾ ਸੀ ਕਿਉਂਕਿ ਇਹ ਸਾਰਾ ਕਾਰਜ ਅਮਰੀਕੀ ਮਜ਼ਦੂਰਾਂ ਨੂੰ ਵੀ ਚੇਤਨਸ਼ੀਲ ਬਣਾ ਕੇ ਉੱਥੇ ਦੇ ਉਦਯੋਗਪਤੀਆਂ ਦੇ ਖ਼ਿਲਾਫ਼ ਖੜ੍ਹਾ ਕਰ ਸਕਦਾ ਸੀ। ਨਿਊਯਾਰਕ ਡੇਲੀ ਟ੍ਰਿਬਿਊਨ ਦਾ ਪ੍ਰਧਾਨ ਉਨ੍ਹਾਂ ਦਿਨਾਂ ਵਿਚ ਅਮਰੀਕਾ ਦਾ ਪ੍ਰਸਿੱਧ ਉਦਯੋਗਪਤੀ ਅਤੇ ਨਵੇਂ ਆਰਥਿਕ ਸੁਧਾਰਾਂ ਦਾ ਕੱਟੜ ਹਮਾਇਤੀ ਇਮਾਨੁਅਲ ਓਲਵਿਸ ਸੀ। ਇਨ੍ਹਾਂ ਲੇਖਾਂ ਦੀ ਲੜੀ ਛਾਪਣ ਤੋਂ ਪਹਿਲਾਂ 16 ਨਵੰਬਰ 1851 ਨੂੰ ਉਸ ਦਾ ਇਕ ਸੰਦੇਸ਼ ਅਖ਼ਬਾਰ ਵਿਚ ਛਪਿਆ, ਜਿਸ ਵਿਚ ਉਸ ਨੇ ਕਿਹਾ, "ਨਵੇਂ ਯੁੱਗ ਵਿਚ ਪੁਰਾਣੀਆਂ ਜੁੱਤੀਆਂ ਨਾਲ ਨਹੀਂ ਤੁਰਿਆ ਜਾ ਸਕਦਾ। ਅਮਰੀਕਨਾਂ ਦੀ ਵਿਸ਼ਵ ਉੱਪਰ ਚੌਧਰ ਲਈ ਪੁਰਾਣੇ ਚੌਧਰੀਆਂ (ਬਰਤਾਨਵੀ ਸਾਮਰਾਜ) ਦਾ ਮੂਧੇ ਮੂੰਹ ਡਿੱਗਣਾ ਜ਼ਰੂਰੀ ਹੈ। ਇਸ ਲਈ ਐਸੇ ਵਿਅਕਤੀ ਦਾ ਨਜ਼ਰੀਆ ਅਸੀਂ ਲੜੀਵਾਰ ਛਾਪਾਂਗੇ, ਜਿਸ ਨੂੰ ਅੱਜ ਇਕ ਸੰਤ ਦਾ ਦਰਜਾ ਦਿੱਤਾ ਜਾ ਰਿਹਾ ਹੈ।"



ਇਨ੍ਹਾਂ ਦਸ ਸਾਲਾਂ (1852-1862) ਵਿਚ ਮਾਰਕਸ ਨੇ ਸੌ ਦੇ ਕਰੀਬ ਲੇਖ ਅਖ਼ਬਾਰ ਲਈ ਲਿਖੇ। ਇਸ ਤੋਂ ਬਿਨਾਂ ਮਾਰਕਸ ਦੇ ਨਾਂ ਹੇਠ ਕੁਝ ਲੇਖ ਅਖ਼ਬਾਰ ਨੇ ਆਪ ਲਿਖਵਾ ਕੇ ਵੀ ਪ੍ਰਕਾਸ਼ਿਤ ਕਰਵਾ ਦਿੱਤੇ। ਇਨ੍ਹਾਂ ਵਿੱਚੋਂ ਬਹੁਤੇ ਲੇਖਾਂ ਉੱਪਰ ਵਿਸ਼ਵ ਦੇ ਬਹੁਤ ਸਾਰੇ ਮਾਰਕਸੀ ਚਿੰਤਕਾਂ ਨੇ ਗਾਹੇ-ਬਗਾਹੇ ਵਿਚਾਰ ਕੀਤੀ। ਇਨ੍ਹਾਂ ਲੇਖਾਂ ਵਿਚ ਪੇਸ਼ ਵਿਚਾਰਾਂ ਦਾ ਤੱਤਸਾਰ ਵੀ ਮਾਰਕਸ ਦੀ ਵਿਚਾਰਧਾਰਾ ਨਾਲ ਮੇਲ ਹੀ ਨਹੀਂ ਖਾਂਦਾ ਸਗੋਂ ਉਲਟ ਵੀ ਹੈ। ਇਹ ਹੀ ਨਹੀਂ ਮਾਰਕਸ ਖ਼ੁਦ ਵੀ ਇਨ੍ਹਾਂ ਲੇਖਾਂ ਨਾਲ ਹੋ ਰਹੀ ਛੇੜ-ਛਾੜ ਤੋਂ ਦੁਖੀ ਸੀ। ਐਡੋਲਫ ਕਲੱਸ ਨੂੰ 18 ਅਕਤੂਬਰ 1853 ਨੂੰ ਲਿਖੇ ਇਕ ਖ਼ਤ ਵਿਚ ਮਾਰਕਸ ਨੇ ਲਿਖਿਆ, "ਚੀਨ ਬਾਰੇ ਮੇਰੀ ਸਮੱਗਰੀ ਨੂੰ ਲਗਪਗ ਅੱਖਰ-ਅੱਖਰ ਚੋਰੀ ਕਰ ਲਿਆ, ਭਾਰਤ ਬਾਰੇ ਮੇਰੇ ਲੇਖ ਵਿਚ ਵੀ ਕੁਝ ਫੇਰ ਬਦਲ ਕੀਤੀ।" ਇੱਥੋਂ ਤਕ ਕਿ ਕੁਝ ਲੇਖਾਂ ਵਿਚ ਮਾਰਕਸ ਦਾ ਨਾਂ ਵੀ ਨਹੀਂ ਦਿੱਤਾ ਗਿਆ ਸੀ।

ਮਾਰਕਸ ਨੇ 1862 ਵਿਚ ਆ ਕੇ ਇਹ ਲੇਖ ਬੰਦ ਕਰਨ ਦਾ ਫ਼ੈਸਲਾ ਕੀਤਾ। ਪਹਿਲੇ ਦੌਰ ਦੇ ਲੇਖਾਂ ਵਿਚ ਮਾਰਕਸ ਤੱਥਾਂ 'ਤੇ ਜ਼ਿਆਦਾ ਨਿਰਭਰ ਕਰਦਾ ਹੈ ਅਤੇ ਤੱਥ ਉਸ ਨੂੰ ਦੁਜੈਲੇ ਸਰੋਤਾਂ ਦੇ ਰੂਪ ਵਿਚ ਬਸਤੀਵਾਦ ਅਫ਼ਸਰਸ਼ਾਹਾਂ ਅਤੇ ਈਸਟ ਇੰਡੀਆ ਕੰਪਨੀ ਦੀਆਂ ਰਿਪੋਰਟਾਂ ਤੋਂ ਮਿਲਦੇ ਹਨ। ਜਿਵੇਂ-ਜਿਵੇਂ ਉਹ ਇਨ੍ਹਾਂ ਤੱਥਾਂ ਦੀ ਤਾਰਕਿਕਤਾ ਪਛਾਣਦਾ ਗਿਆ, ਉਸ ਦੀਆਂ ਧਾਰਨਾਵਾਂ ਪੁਖ਼ਤਾ ਹੁੰਦੀਆਂ ਗਈਆਂ। ਮਾਰਕਸ ਦੀਆਂ ਭਾਰਤ ਬਾਰੇ ਇਨ੍ਹਾਂ ਲਿਖਤਾਂ ਵਿਚ ਈਸਟ ਇੰਡੀਆ ਕੰਪਨੀ ਦੀਆਂ ਸਾਲਾਨਾ ਰਿਪੋਰਟਾਂ, ਬਰਤਾਨਵੀ ਸੰਸਦ ਦੀਆਂ ਕਾਰਵਾਈਆਂ ਦੇ ਦਸਤਾਵੇਜ਼ਾਂ ਅਤੇ ਇੰਗਲੈਂਡ ਦੀਆਂ ਅਖ਼ਬਾਰਾਂ ਵਿਚ ਛਪਦੀਆਂ ਖ਼ਬਰਾਂ ਮੁੱਢਲੇ ਸਰੋਤਾਂ ਦੇ ਰੂਪ ਵਿਚ ਨਜ਼ਰ ਆਉਂਦੀਆਂ ਹਨ। ਅੰਗਰੇਜ਼ ਸੁਧਾਰਵਾਦੀਆਂ ਦੀਆਂ ਕੁਝ ਕਿਤਾਬਾਂ, ਜੋ ਭਾਰਤ ਬਾਰੇ ਇਤਿਹਾਸ ਦੇ ਨਜ਼ਰੀਏ ਤੋਂ ਲਿਖੀਆਂ ਸਨ, ਉਸ ਨੇ ਵਿਸ਼ੇਸ਼ ਤੌਰ 'ਤੇ ਪੜ੍ਹੀਆਂ ਅਤੇ ਉਨ੍ਹਾਂ ਬਾਰੇ ਕਾਟਵੇਂ ਵਿਚਾਰ ਪੇਸ਼ ਕੀਤੇ। ਵਿਲੀਅਮ ਜੋਨਜ਼ ਵਲੋਂ ਕੀਤਾ 'ਮਨੂ ਸਮ੍ਰਿਤੀ' ਦਾ ਅਨੁਵਾਦ ਅਤੇ ਫਰੈਂਕੋਇਸ ਬਰਨੀਅਰ ਦੀਆਂ ਯਾਤਰਾਵਾਂ ਦੇ ਹਵਾਲੇ ਵੀ ਉਸ ਨੇ ਵਿਸ਼ੇਸ਼ ਤੌਰ 'ਤੇ ਪੜ੍ਹੇ ਅਤੇ ਆਪਣੇ ਹਵਾਲਿਆਂ ਵਜੋਂ ਕੁਝ ਸਮੱਗਰੀ ਨੂੰ ਵਰਤਿਆ। ਇਨ੍ਹਾਂ ਵਿਚੋਂ ਕੁਝ ਸਮੱਗਰੀ ਸਰਮਾਇਆ ਦੀ ਪਹਿਲੀ ਸੈਂਚੀ ਵਿਚ ਇਸਤੇਮਾਲ ਕੀਤੀ। ਉਸ ਦੇ ਸਮਕਾਲ ਵਿਚ ਬਸਤੀਵਾਦੀ ਚਿੰਤਨ ਵਿਚ ਦੋ ਧੁਨੀਆਂ ਖ਼ਾਸ ਤੌਰ 'ਤੇ ਸਾਹਮਣੇ ਆਉਂਦੀਆਂ ਹਨ। ਪਹਿਲੇ ਵਰਗ ਵਿਚ ਉਹ ਚਿੰਤਕ ਹਨ, ਜਿਹੜੇ ਬਸਤੀਵਾਦੀ ਪੂੰਜੀਵਾਦ ਨੂੰ ਪੱਛੜੇ ਦੇਸ਼ਾਂ ਲਈ ਇਕ ਵਰਦਾਨ ਵਜੋਂ ਪੇਸ਼ ਕਰਦੇ ਸਨ। ਉਨ੍ਹਾਂ ਦਾ ਪੂਰਾ ਜ਼ੋਰ ਇਸ ਗੱਲ 'ਤੇ ਸੀ ਕਿ ਭਾਰਤ ਸਮੇਤ ਸਾਰੀਆਂ ਬਸਤੀਆਂ ਅੰਗਰੇਜ਼ਾਂ ਦੇ ਉੱਥੇ ਆਉਣ ਤੋਂ ਪਹਿਲਾਂ ਅਸੱਭਿਅਕ ਕਸ਼ਮਕਸ਼ ਵਿਚੋਂ ਗੁਜ਼ਰ ਰਹੀਆਂ ਸਨ। ਉਨ੍ਹਾਂ ਦਾ ਕੋਈ ਇਤਿਹਾਸ ਜਾਂ ਸੱਭਿਆਚਾਰ ਵਿਰਸਾ ਤਾਂ ਸੀ ਹੀ ਨਹੀਂ ਅਤੇ ਉਹ ਪਿਛਾਂਹ ਖਿੱਚੂ ਜੀਵਨ ਮੁੱਲਾਂ ਵਾਲੀ ਰਾਜਾਸ਼ਾਹੀ ਅਧੀਨ ਪਿਸ ਰਹੀ ਲੋਕਾਈ ਵਾਲੇ ਦੇਸ਼ ਸਨ, ਜਿਨ੍ਹਾਂ 'ਤੇ ਹਮਲਾਵਰ ਹਮਲੇ ਕਰਕੇ ਉਨ੍ਹਾਂ ਨੂੰ ਲੁੱਟਦੇ ਰਹਿੰਦੇ ਸਨ। ਅੰਗਰੇਜ਼ਾਂ ਨੇ ਉਨ੍ਹਾਂ ਨੂੰ ਨਵੀਆਂ/ਆਧੁਨਿਕ/ਸੱਭਿਅਕ ਕੀਮਤਾਂ ਤੋਂ ਜਾਣੂ ਕਰਾਇਆ। ਪੱਛਮੀ ਦੁਨੀਆਂ ਨੂੰ ਆਪਣੀ ਇਸ 'ਨੇਕਨੀਤੀ' ਤੋਂ ਜਾਣੂ ਕਰਾਉਣ ਲਈ ਅੰਗਰੇਜ਼ ਇਤਿਹਾਸਕਾਰਾਂ ਦਾ ਇਹ ਵਰਗ ਭਾਰਤ ਦੇ ਇਤਿਹਾਸ ਅਤੇ ਸਮਾਜਿਕ ਸੰਰਚਨਾ ਦੀ ਅਣਘੜ ਤਸਵੀਰ ਆਪਣੀਆਂ ਲਿਖਤਾਂ ਵਿਚ ਪੇਸ਼ ਕਰਦਾ ਹੈ। ਦੂਜਾ ਵਰਗ ਉਨ੍ਹਾਂ ਲੋਕਾਂ ਦਾ ਸੀ ਜਿਹੜੇ ਬਰਤਾਨਵੀ ਸੰਸਦ ਵਿਚ ਵਿਰੋਧੀ ਮਤ ਦੀ ਭੂਮਿਕਾ ਵਿਚ ਸਨ। ਇਨ੍ਹਾਂ ਵਿਚ ਵਧੇਰੇ ਕਰਕੇ ਉਹ 'ਲਾਰਡ' ਸਨ ਜਿਨ੍ਹਾਂ ਦੀ ਰਾਠਸ਼ਾਹੀ ਨੂੰ ਸਤਾਰਵੀਂ ਸਦੀ ਦੇ ਅੱਧ ਤੋਂ ਹੀ ਸਨਅਤੀ ਵਿਕਾਸ ਦੇ ਸਿੱਟੇ ਵਜੋਂ ਪੈਦਾ ਹੋਈ ਪ੍ਰਭਾਵਸ਼ਾਲੀ ਬੁਰਜੁਆਜ਼ੀ ਸੀਮਤ ਕਰ ਰਹੀ ਸੀ। ਭਾਰਤ ਸਬੰਧੀ ਬਰਤਾਨਵੀ ਸੰਸਦ ਵਿਚ ਪੇਸ਼ ਹੁੰਦੇ ਬਿੱਲ, ਸੁਧਾਰਾਂ ਦੇ ਮਸੌਦੇ ਅਤੇ ਤਜਵੀਜ਼ਾਂ ਇਨ੍ਹਾਂ ਸੁਧਾਰਵਾਦੀਆਂ ਦੇ ਮੱਤ ਨੂੰ ਪੇਸ਼ ਕਰਦੀਆਂ ਹਨ। ਇਹ ਵਰਗ ਵਧ ਰਹੀ ਸਨਅਤੀ ਪੂੰਜੀ ਦੇ ਹਿੱਤਾਂ ਲਈ ਬਸਤੀਆਂ ਦੇ ਸ਼ੋਸ਼ਣ ਦੇ ਵਿਰੋਧੀ ਸਨ ਪਰ ਇਨ੍ਹਾਂ ਦਾ ਮੰਤਵ ਭਾਰਤੀ ਲੋਕਾਂ ਦੀ ਮੁਕਤੀ ਹਰਗਿਜ਼ ਨਹੀਂ ਸੀ।

ਭਾਰਤੀ ਇਤਿਹਾਸ ਦਾ ਅਧਿਐਨ ਮਾਰਕਸ ਉਤਪਾਦਨ ਦੀਆਂ ਚਾਰ ਵਿਧੀਆਂ ਦੀ ਨਿਸ਼ਾਨਦੇਹੀ ਕਰਦਾ ਹੈ, ਜਿਨ੍ਹਾਂ ਨੇ ਸਮੁੱਚੇ ਸਮਾਜ ਦੇ ਵਿਕਾਸ ਨੂੰ ਨਿਰਧਾਰਤ ਕੀਤਾ। ਇਹ ਵਿਧੀਆਂ ਸਨ: (1) ਏਸ਼ਿਆਈ ਉਤਪਾਦਨ ਵਿਧੀ (2) ਦਾਸ ਪ੍ਰਥਾ (3) ਸਾਮੰਤੀ ਅਤੇ (4) ਪੂੰਜੀਵਾਦੀ ਉਤਪਾਦਨ ਵਿਧੀ। ਇੱਥੇ ਮਾਰਕਸ ਦਾ ਏਸ਼ਿਆਈ ਵਿਧੀ ਤੋਂ ਭਾਵ ਸਮਾਜ ਦੇ ਉਤਪਾਦਨੀ ਵਿਕਾਸ ਦੀ ਉਹ ਮੁੱਢਲੀ ਅਵਸਥਾ ਸੀ, ਜਿਹੜੀ ਭਾਰਤ ਤੋਂ ਆਇਰਲੈਂਡ ਤਕ ਫੈਲੀ ਹੋਈ ਸੀ ਤੇ ਆਦਿਮ ਸਾਮਵਾਦੀ ਸਮਾਜ ਦੇ ਅਵਸ਼ੇਸ਼ਾਂ ਤੋਂ ਲੈ ਕੇ ਕਬੀਲਾ ਸਮਾਜ ਅਤੇ ਨਿੱਜੀ ਸੰਪਤੀ ਦੇ ਰੁਝਾਨ ਦੀਆਂ ਕਈ ਰਲੀਆਂ-ਮਿਲੀਆਂ ਧੁਨੀਆਂ ਸਨ। ਮਾਰਕਸ ਸਪੱਸ਼ਟ ਕਰਦਾ ਹੈ ਕਿ ਸਾਰੇ ਸਮਾਜਾਂ ਦੀ ਪਹਿਲੀ ਅਵਸਥਾ ਵਿਚ ਮਾੜੇ-ਮੋਟੇ ਫ਼ਰਕ ਨਾਲ ਇਹ ਉਤਪਾਦਨੀ ਵਿਧੀ ਕਾਰਜਸ਼ੀਲ ਰਹਿੰਦੀ ਹੈ। ਮਾਰਕਸ ਇਸ ਵਿਧੀ ਦੇ ਲੱਛਣਾਂ ਦੀ ਵਿਆਖਿਆ ਕਰਦਿਆਂ ਦੱਸਦਾ ਹੈ ਕਿ ਅੰਗਰੇਜ਼ਾਂ ਦੀ ਆਮਦ ਤੋਂ ਪਹਿਲਾਂ ਤਕ ਇਹ ਵਿਧੀ ਪ੍ਰਭਾਵੀ ਸੀ। ਜ਼ਮੀਨ ਪੂਰੇ ਪਿੰਡ ਦੀ ਸਾਂਝੀ ਮਲਕੀਅਤ ਹੁੰਦੀ ਸੀ ਤੇ ਇਸ ਉੱਪਰ ਸਮੂਹਿਕ ਤਰਜ਼ ਦੀ ਖੇਤੀ ਹੁੰਦੀ ਸੀ। ਨਿੱਜੀ ਸੰਪਤੀ ਦੀ ਅਣਹੋਂਦ ਵਿਚ ਕਿਰਤ ਦਾ ਸ਼ੋਸ਼ਣੀ ਸਰੂਪ ਸਮੂਹਿਕ ਹਿੱਤਾਂ ਨਾਲ ਨਹੀਂ ਜੁੜ ਸਕਿਆ। ਇਸ ਲਈ ਭਾਰਤੀ ਲੋਕਾਂ ਵਿਚ ਆਮ ਤੌਰ 'ਤੇ ਜਮਾਤੀ ਸੰਘਰਸ਼ ਦਾ ਸਿੱਧਾ ਹਿੱਸਾ ਬਣਨ ਦੀ ਭਾਵਨਾ ਪੈਦਾ ਨਹੀਂ ਹੋਈ। ਨਿੱਜੀ ਸੰਪਤੀ ਅਤੇ ਸਮੂਹਿਕਤਾ ਦਾ ਇਹ ਸੰਕਲਪ ਜਿਸ ਦੇ ਆਧਾਰ 'ਤੇ ਮਾਰਕਸ ਅਤੇ ਏਂਗਲਜ਼ ਨੇ ਏਸ਼ਿਆਈ ਉਤਪਾਦਨ ਵਿਧੀ ਦੇ ਵਿਧਾਨ ਨੂੰ ਉਸਾਰਿਆ ਬਹੁਤ ਪੇਚੀਦਾ ਮਸਲਾ ਹੈ। ਏਂਗਲਜ਼ ਅਨੁਸਾਰ ਜਦੋਂ ਸਮੂਹਿਕ ਸੰਪਤੀ ਦੀ ਥਾਂ ਨਿੱਜੀ ਭਾਂਤ ਦੀ ਮਾਲਕੀ ਲੈ ਲੈਂਦੀ ਹੈ ਤਾਂ ਵਰਗਹੀਣ ਸਮਾਜ ਦੀ ਜਗ੍ਹਾ ਵਰਗ ਯੁਕਤ ਸਮਾਜ ਆ ਜਾਂਦਾ ਹੈ। ਰਾਜਸੱਤਾ ਦੀ ਉਤਪਤੀ ਉਸੇ ਵਿਚੋਂ ਹੁੰਦੀ ਹੈ। ਕਿਉਂਕਿ ਭਾਰਤ ਵਿਚ ਪਿੰਡ ਦੀ ਇਕਾਈ ਖੇਤੀਯੋਗ ਜ਼ਮੀਨ ਦੀ ਸਮੂਹਿਕ ਮਾਲਕੀ ਨਾਲ ਜੁੜੀ ਸੀ ਇਸ ਲਈ ਉਸ ਨੇ ਰਾਜ ਪੱਧਰ 'ਤੇ ਹਰ ਕਾਬਜ਼ ਧਿਰ ਨੂੰ ਸਵੀਕਾਰਿਆ। ਮਾਰਕਸ ਨੇ ਭਾਰਤੀ ਕਿਰਤ ਪ੍ਰਬੰਧ ਦੀ ਤਹਿ ਵਿਚ ਗਤੀਸ਼ੀਲ ਵਰਣ-ਵਿਵਸਥਾ ਦੀ ਪਛਾਣ ਕੀਤੀ, ਜਿਸ ਆਧਾਰ 'ਤੇ ਉਹ ਪੇਂਡੂ-ਵਿਵਸਥਾ ਵਿਚ ਕਿਰਤ ਵੰਡ ਦੀ ਵਿਆਖਿਆ ਕਰਦਾ ਹੈ ਪਰ ਇਹ ਪਹੁੰਚ ਦੀ ਕਮਜ਼ੋਰੀ ਇਹ ਰਹੀ ਕਿ ਸਮੁੱਚੇ ਭਾਰਤ ਨੂੰ ਇਸ ਦ੍ਰਿਸ਼ਟੀ ਤੋਂ ਇੱਕੋ ਰੱਸੇ ਬੰਨ੍ਹਣ ਦੀ ਕੋਸ਼ਿਸ਼ ਹੋਈ। ਉੱਤਰ-ਪੱਛਮੀ ਭਾਰਤ ਦੀ ਭੂਗੋਲਿਕਤਾ ਦੇ ਮੱਦੇਨਜ਼ਰ ਹਰ ਸਮੇਂ ਵਿਦੇਸ਼ੀ ਧਾੜਵੀਆਂ ਦੇ ਖ਼ਤਰੇ ਹੇਠ ਜੀਣ ਕਾਰਨ ਉੱਥੋਂ ਦੇ ਸਭਿਆਚਾਰ ਵਿਚ ਜੋ ਸਹਿਚਾਰ ਪੈਦਾ ਹੋਇਆ ਅਤੇ ਇਸਲਾਮ ਦੀ ਆਮਦ ਦੇ ਬਾਅਦ ਧਰਮ ਪਰਿਵਰਤਨ ਦੀ ਜੋ ਪ੍ਰਕਿਰਿਆ ਚੱਲੀ ਅਤੇ ਮੱਧਯੁਗੀ ਭਗਤੀ ਲਹਿਰਾਂ ਦੇ ਪ੍ਰਭਾਵ ਵੱਸ ਹਾਸ਼ੀਆਗਤ ਧਿਰਾਂ ਵਿਚ ਉਪਜੇ ਆਤਮ ਵਿਸ਼ਵਾਸ ਨਾਲ ਸਮਾਜ ਦੇ ਅੰਤਰਿਕ ਸੰਘਰਸ਼ ਦਾ ਜੋ ਸਰੂਪ ਬਣਿਆ, ਉਸ ਨੇ ਦੱਖਣੀ ਭਾਰਤ ਦੇ ਮੁਕਾਬਲੇ ਇੱਥੋਂ ਦੀ ਸਮਾਜਿਕ-ਵਿਵਸਥਾ ਨੂੰ ਰਤਾ ਮੋਕਲੀ ਹੀ ਕੀਤਾ। ਇਨ੍ਹਾਂ ਤੱਥਾਂ ਤਕ ਮਾਰਕਸ/ਏਂਗਲਜ਼ ਦੀ ਰਸਾਈ ਨਾ ਹੋ ਸਕੀ। ਸਿੱਟੇ ਵਜੋਂ ਉਸ ਨੇ ਭਾਰਤੀ ਪੇਂਡੂ-ਸਮਾਜ ਦਾ ਜੋ ਖ਼ਾਕਾ ਉਸਾਰਿਆ ਉਹ ਅੰਸ਼ਿਕ ਤੌਰ 'ਤੇ ਸਹੀ ਸੀ।

ਮਾਰਕਸ ਦੇ ਭਾਰਤ ਬਾਰੇ ਲੇਖਾਂ ਵਿਚ ਉਸ ਦਾ ਵਧੇਰੇ ਧਿਆਨ ਪੂੰਜੀਵਾਦ ਦੇ ਬਸਤੀਵਾਦੀ ਸਰੂਪ ਦੀ ਕਰੂਰਤਾਂ ਉੱਪਰ ਕੇਂਦਰਿਤ ਰਹਿੰਦਾ ਹੈ। ਉਹ ਭਾਰਤ ਦੇ ਸਮਾਜ ਨੂੰ ਪੂਰਵ ਬਸਤੀਵਾਦ ਅਤੇ ਬਸਤੀਵਾਦੀ ਵਿਹਾਰ ਦੋ ਭਾਗਾਂ ਵਿਚ ਵੰਡ ਕੇ ਦੇਖਦਾ ਹੈ ਅਤੇ ਉਨ੍ਹਾਂ ਸ਼ੋਸ਼ਣੀ ਚਿੰਨ੍ਹਾਂ ਨੂੰ ਉਜਾਗਰ ਕਰਦਾ ਹੈ, ਜਿਨ੍ਹਾਂ ਨੇ ਇਨ੍ਹਾਂ ਸਵੈ-ਨਿਰਭਰ ਬਸਤੀਆਂ ਨੂੰ ਬਰਤਾਨਵੀ ਪੂੰਜੀਵਾਦ ਲਈ ਕਰ ਉਤਪਾਦਨ ਕਰਨ ਵਾਲੀਆਂ ਇਕਾਈਆਂ ਵਿਚ ਤਬਦੀਲ ਕਰ ਦਿੱਤਾ ਹੈ। ਪੂੰਜੀਵਾਦ ਦੀ ਅੰਤਰਰਾਸ਼ਟਰੀ ਮੁਨਾਫ਼ਾਖੋਰੀ ਨਾਲ ਜੁੜਨ ਪਿੱਛੋਂ ਇਨ੍ਹਾਂ ਪੇਂਡੂ ਇਕਾਈਆਂ ਵਿਚ ਨਾਂਹਪੱਖੀ ਤਬਦੀਲੀਆਂ ਦਾ ਜੋ ਸਰੂਪ ਪ੍ਰਗਟ ਹੋਇਆ, ਉਸ ਦੀ ਤਹਿ ਵਿਚ ਇੱਥੋਂ ਦੀ ਖੇਤੀਬਾੜੀ ਨੂੰ ਮਨਚੈਸਟਰ ਦੀਆਂ ਮਿੱਲਾਂ ਲਈ ਕੱਚੇ ਮਾਲ ਦੇ ਉਤਪਾਦਨੀ ਸਰੋਤਾਂ ਵਿਚ ਵਟਾ ਦੇਣਾ ਅਤੇ ਉਦਯੋਗਾਂ ਦੀ ਤਬਾਹੀ ਕਰਕੇ ਬਰਤਾਨਵੀ ਤਿਆਰ ਮਾਲ ਦੀ ਵਿਕਰੀ ਦੀਆਂ ਸੰਭਾਵਨਾਵਾਂ ਵਧਾਉਣਾ ਸ਼ਾਮਿਲ ਸੀ। ਭਾਰਤ ਦੀ ਲੁੱਟ ਦੀਆਂ ਬਸਤੀਵਾਦੀ ਤਰਕੀਬਾਂ ਜਿਵੇਂ ਖੇਤੀ ਸੁਧਾਰਾਂ ਦੇ ਨਾਂ 'ਤੇ ਕੀਤਾ ਗਿਆ ਟੈਕਸਾਂ ਦਾ ਕੇਂਦਰੀਕਰਨ ਅਤੇ ਨਵਾਂ ਨਕਦ ਪ੍ਰਬੰਧ ਵਿਸ਼ੇਸ਼ ਤੌਰ 'ਤੇ ਮਾਰਕਸ ਦੇ ਧਿਆਨ ਦਾ ਕੇਂਦਰ ਰਹੀਆਂ। ਮਾਰਕਸ ਨੇ ਇਸ ਨੂੰ ਕਿਸੇ ਖ਼ਾਸ ਖਿੱਤੇ ਦੇ ਜੀਵਨ ਦੀ ਤਰਜ਼ ਵਿਚ ਨਾਂਹਮੁਖੀ ਪੂੰਜੀਵਾਦੀ ਦਖ਼ਲ ਕਿਹਾ। ਇਨ੍ਹਾਂ ਸਭ ਤਰਕੀਬਾਂ ਦੇ ਸਿੱਟੇ ਵਜੋਂ 'ਸਭਿਅਕ' ਹੋ ਰਹੀ ਭਾਰਤੀ ਲੋਕਾਈ ਜਿਵੇਂ ਗ਼ਰੀਬੀ, ਭੁੱਖਮਰੀ, ਅਕਾਲ ਅਤੇ ਹੈਜੇ ਦਾ ਸ਼ਿਕਾਰ ਬਣੇ ਉਹ ਸਭ ਸਰੋਕਾਰ ਮਾਰਕਸ ਦੇ ਭਾਰਤ ਬਾਰੇ ਚਿੰਤਨ ਦੇ ਉੱਭਰਵੇਂ ਸੂਤਰ ਹਨ।

ਮਾਰਕਸ ਬਸਤੀਵਾਦ ਦੀ ਇਸ ਲੁੱਟ ਵਿਚੋਂ ਹੀ ਭਾਰਤੀ ਸਮਾਜ ਦੀ ਮੁਕਤੀ ਦੀਆਂ ਸੰਭਾਵਨਾਵਾਂ ਦੇਖ ਰਿਹਾ ਸੀ। ਵਿਸ਼ੇਸ਼ ਕਰਕੇ ਭਾਰਤੀ ਰਾਠਸ਼ਾਹੀ ਦੇ ਅਧਿਕਾਰਾਂ ਨੂੰ ਖੋਹਣ ਬਾਰੇ ਉਸ ਦਾ ਨਜ਼ਰੀਆ ਹਾਂਵਾਦੀ ਆਸ਼ਾਵਾਦ ਨਾਲ ਭਰਿਆ ਪਿਆ ਸੀ। ਨਾਲ ਹੀ ਪੂੰਜੀਵਾਦੀ ਵਿਰੋਧਤਾਵਾਂ ਦੇ ਉਜਾਗਰ ਹੋਣ ਲਈ ਉਹ ਭਾਰਤ ਵਿਚ ਰੇਲਵੇ ਦੇ ਪਸਾਰ ਨੂੰ ਮਹੱਤਵਪੂਰਨ ਮੰਨਦਾ ਸੀ। 1857 ਦੇ ਗ਼ਦਰ ਸਮੇਂ ਉਹ ਭਾਰਤੀ ਰਾਜਾਸ਼ਾਹੀ ਦੀ ਭੂਮਿਕਾ ਨੂੰ ਵਧੇਰੇ ਹਮਦਰਦੀ ਨਾਲ ਦੇਖਦਾ ਸੀ ਅਤੇ ਭਾਰਤੀ ਸਨਅਤਾਂ ਦੀ ਸਥਾਪਨਾ ਨੂੰ ਪ੍ਰੋਲੇਤਾਰੀ ਚੇਤਨਾ ਦੀ ਉਤਪਤੀ ਦੇ ਕਾਰਨ ਮੰਨਦਾ ਸੀ।

**ਜਗਵਿੰਦਰ ਜੋਧਾ**

**ਸੰਪਰਕ: 94654-64502**

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਕੋਵਿਡ ਹਦਾਇਤਾਂ ਦੀ ਗੰਭੀਰਤਾਂ ਨਾਲ ਨਾ ਕੀਤੀ ਗਈ ਪਾਲਣਾ ਤਾਂ ਵਧਾਈ ਜਾਵੇਗੀ ਹੋਰ ਸ਼ਖਤੀ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ

**ਹੁਸ਼ਿਆਰਪੁਰ (ਜਸਵੀਰ ਸਿੰਘ ਪੁਰੇਵਾਲ)** ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਅਪਨੀਤ ਰਿਆਤ ਨੇ ਜ਼ਲ੍ਹਿਾ ਵਾਸੀਆਂ ਨੂੰ ਕਿਹਾ ਕਿ ਪ੍ਰਸ਼ਾਸਨ ਵਲੋਂ ਲਾਕਡਾਊਨ ਸਬੰਧੀ ਸਮੇਂ-ਸਮੇਂ 'ਤੇ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਅਤੇ ਲੋਕਾਂ ਵਲੋਂ ਇਸ ਸਬੰਧੀ ਸੁਝਾਅ ਵੀ ਪ੍ਰਾਪਤ ਹੋ ਰਹੇ ਹਨ। ਉਨ੍ਹਾਂ ਜ਼ਲ੍ਹਿਾ ਵਾਸੀਆਂ ਨੂੰ ਅਪੀਲ ਕਰਦਿਆ ਕਿਹਾ ਕਿ ਉਹ ਗੈਰ ਜ਼ਰੂਰੀ ਗਤੀਵਿਧੀਆਂ ਤੋਂ ਪ੍ਰਹੇਜ ਕਰਨ ਅਤੇ ਬਹੁਤ ਜ਼ਿਆਦਾ ਜ਼ਰੂਰੀ ਹੋਣ 'ਤੇ ਹੀ ਘਰੋਂ ਬਾਹਰ ਆਉਣ। ਉਹ ਆਪਣੇ ਹਫ਼ਤਾਵਰੀ ਫੇਸਬੁੱਕ ਸੈਸ਼ਨ ਦੌਰਾਨ ਜ਼ਲ੍ਹਿਾ ਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਕੋਵਿਡ ਸਬੰਧੀ ਜ਼ਲ੍ਹਿੇ ਦੀ ਤਾਜ਼ਾ ਸਥਿਤੀ ਦੇ ਬਾਰੇ ਵਿੱਚ ਜਾਣਕਾਰੀ ਦਿੰਦਿਆਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਰਕਾਰ ਮਜ਼ਬੂਰ ਵਿੱਚ ਪਾਬੰਦੀਆਂ ਲਗਾ ਰਹੀ ਹੈ ਅਤੇ ਜੇਕਰ ਲੋਕਾਂ ਨੇ ਇਨ੍ਹਾਂ ਪਾਬੰਦੀਆਂ ਦੀ ਗੰਭੀਰਤਾ ਨਾਲ ਪਾਲਣਾ ਨਹੀਂ ਕੀਤੀ ਤਾਂ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਜ਼ਿਆਦਾ ਸਖ਼ਤੀ ਕੀਤੀ ਜਾ ਸਕਦੀ ਹੈ। ਇਸ ਲਈ ਲੋਕ ਕੋਵਿਡ ਸਿਹਤ ਹਦਾਇਤਾਂ ਅਤੇ ਜ਼ਲ੍ਹਿਾ ਪ੍ਰਸ਼ਾਸਲ ਦੇ ਨਿਰਦੇਸ਼ਾਂ ਦੀ ਗੰਭੀਰਤਾਂ ਨਾਲ ਪਾਲਣਾ ਕਰਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਉਨ੍ਹਾਂ ਇਲਾਕਿਆਂ ਨੂੰ ਕਵਰ ਕੀਤਾ ਜਾਵੇਗਾ ਜਿਥੇ ਕਾਫੀ ਲੋਕ ਪਾਜ਼ੀਟਿਵ ਆ ਚੁੱਕੇ ਹਨ ਨਾਲ ਹੀ ਉਨ੍ਹਾਂ ਇਲਾਕਿਆਂ ਨੂੰ ਵੀ ਕਵਰ ਕੀਤਾ ਜਾਵੇਗਾ ਜਿਥੇ ਆਉਣ ਵਾਲੇ ਦਿਨਾਂ ਵਿੱਚ ਕੋਵਿਡ ਮਾਮਲੇ ਵੱਧਣ ਦੀ ਸੰਭਾਵਨਾ ਹੈ ਅਤੇ ਇਨ੍ਹਾਂ ਇਲਾਕਿਆਂ ਵਿੱਚ ਜਿਥੇ ਵੱਧ ਤੋਂ ਵੱਧ ਟੈਸਟਿੰਗ ਦੇ ਨਾਲ ਵੈਕਸੀਨੇਸ਼ਨ ਨੂੰਵੀ ਯਕੀਨੀ ਬਣਾਇਆ ਜਾਵੇਗਾ। ਲੋਕਾਂ ਨੂੰ ਕੋਵਿਡ ਦੇ ਫੈਲਾਅ ਨੂੰ ਰੋਕਣ ਦੇ ਲਈ ਸਿਹਤ, ਪੁਲਿਸ ਅਤੇ ਸਿਵਲ ਵਿਭਾਗ ਦੇ ਅਧਿਕਾਰੀਆਂ ਨੂੰ ਸਹਿਯੋਗ ਦੇਣ ਦੇ ਲਈ ਕਿਹਾ।



ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਿਥੇ-ਜਿਥੇ ਸਿਹਤ ਵਿਭਾਗ ਦੀਆ ਟੀਮਾਂ ਟੈਸਟਿੰਗ ਦੇ ਲਈ ਜਾ ਰਹੀਆਂ ਹਨ ਉਥੇ ਉਨ੍ਹਾ ਨੂੰ ਪੂਰਾ ਸਹਿਯੋਗ ਕੀਤਾ ਜਾਵੇ ਕਿਉਂਕਿ ਇਹ ਟੈਸਟਿੰਗ ਉਨ੍ਹਾਂ ਦੇ ਭਲੇ ਦੇ ਲਈ ਕੀਤੀ ਜਾ ਰਹੀ ਹੈ। ਉਨ੍ਹਾਂ ਕੋਵਿਡ-19 ਦਾ ਇਲਾਜ ਕਰਨ ਵਾਲੇ ਹਸਪਤਾਲਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਮੇਂ ਜ਼ਲ੍ਹਿੇ ਵਿੱਚ ਜ਼ਲ੍ਹਿਾ ਹਸਪਤਾਲ ਹੁਸ਼ਿਆਰਪੁਰ ਤੋਂ ਇਲਾਵਾ 9 ਪ੍ਰਾਈਵੇਟ ਹਸਪਤਾਲ ਵਿੱਚ ਲੈਵਲ 2 ਅਤੇ ਲੈਵਲ 3 ਦਾ ਇਲਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਲ੍ਹਿੇ ਵਿੱਚ ਲੈਵਲ 2 ਦੇ 270 ਅਤੇ ਲੈਵਲ 3 ਦੇ 40 ਬੈਡ ਹਨ। ਉਨ੍ਹਾਂ ਕਿਹਾ ਕਿ ਜੋ ਨਵੇਂ ਹਸਪਤਾਲ ਕੋਵਿਡ ਦੇ ਇਲਾਜ ਦੇ ਲਈ ਸ਼ਾਮਲ ਕੀਤੇ ਗਹੇ ਹਨ ਉਨ੍ਹਾਂ ਵਿੱਚ ਪ੍ਰਣਵ ਮਲਟੀ ਸਪੈਸ਼ਲਿਟੀ ਹਸਪਤਾਲ ਮੁਕੇਰੀਆਂ, ਐਸ.ਐਮ. ਮੈਡੀਸਿਟੀ ਮੁਕੇਰੀਆ, ਨਾਰਦ ਹਸਪਤਾਲ ਹੁਸ਼ਿਆਰਪੁਰ ਅਤੇ ਰਮਨਪ੍ਰੀਤ ਮਲਟੀ ਸਪੈਸ਼ਲਿਟੀ ਹਸਪਤਾਲ ਗੜ੍ਹਸ਼ੰਕਰ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਜ਼ਲ੍ਹਿੇ ਦੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਕੋਵਿਡ 19 ਦਾ ਇਲਾਜ ਕਰਵਾਉਣ ਦੇ ਲਈ ਉਪਲਬਧ ਬੈਡਾਂ ਦੀ ਜਾਣਕਾਰੀ ਲੈਣ ਦੇ ਲਈ 24 ਘੰਟੇ 7 ਦਿਨ ਹੈਲਪਲਾਈਨ ਨੰਬਰ 82187-65895 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਮਰੀਜ ਦੀ ਹਾਲਤ ਖਰਾਬ ਹੋਣੀ ਸ਼ੁਰੂ ਹੈ ਤਾਂ ਉਹ ਮਰੀਜ ਨੂੰ ਹਸਪਤਾਲ ਲਿਆਉਣ ਵਿੱਚ ਦੇਰੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜ਼ਲ੍ਹਿੇ ਦੇ ਹਸਪਤਾਲਾਂ ਵਿੱਚ ਦਵਾਈ ਅਤੇ ਆਕਸੀਜਨ ਦੀ ਕੋਈ ਕਮੀ ਨਹੀਂ ਹੈ।

ਅਪਨੀਤ ਰਿਆਤ ਨੇ ਕਿਹਾ ਕਿ ਲੋਕ ਕਿਸੇ ਦੇ ਕਹਿਣ-ਸੁਣਨ 'ਤੇ ਦਵਾਈਆਂ 'ਤੇ ਜ਼ੋਰ ਨਾ ਦੇਣ ਬਲਕਿ ਜੋ ਡਾਕਟਰ ਕਹਿੰਦਾ ਹੈ ਉਹ ਸੁਣਨ। ਉਨ੍ਹਾਂ ਕਿਹਾ ਕਿ ਇਸ ਸਮੇਂ ਬਾਜਾਰ ਵਿੱਚ ਰੇਮੈਡਿਸਵਰ ਦੇ ਸਬਸੀਟਿਊਟ ਵੀ ਮੌਜੂਦ ਹਨ ਜੋ ਕਿ ਉਨਾ ਹੀ ਅਸਰ ਕਰਦਾ ਹੈ ਅਤੇ ਡਾਕਟਰ ਵੀ ਉਸ ਨੂੰ ਪ੍ਰਿਸਕ੍ਰਾਇੰਗ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਲ੍ਹਿੇ ਦੇ ਸੇਵਾ ਕੇਂਦਰਾਂ ਵਿੱਚ ਵੱਧ ਰਹੀ ਭੀੜ ਨੂੰ ਦੇਖਦੇ ਹੋਏ ਨਵਾਂ ਸਿਸਟਮ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਸੇਵਾ ਕੇਂਦਰਾਂ ਵਿੱਚ ਸੇਵਾ ਲੈਣ ਦੇ ਲਈ ਅਗੇਤੀ ਮਨਜ਼ੂਰੀ ਲੈਣਾ ਜ਼ਰੂਰੀ ਹੋਵੇਗਾ। ਉਨ੍ਹਾਂ ਕਿਹਾ ਕਿ ਬਿਨ੍ਹਾ ਅਪਾਇਟਮੈਂਟ ਕਿਸੇ ਵੀ ਬੇਨਤੀ ਪੱਤਰ ਨੂੰ ਸੇਵਾ ਪ੍ਰਦਾਨ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਪਾਇਟਮੈਂਟ ਮੋਬਾਇਲ ਐਪ ਐਮ-ਸੇਵਾ, ਕੋਵਾ ਐਪ, ਜ਼ਲ੍ਹਿਾ ਪ੍ਰਸ਼ਾਸਨ ਹੁਸ਼ਿਆਰਪੁਰ ਦੀ ਵੈਬਸਾਇਟ 'ਤੇ ਜਾ ਕੇ ਲਈ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਕੋਵਿਡ 19 ਨਾਲ ਸਬੰਧਤ ਪ੍ਰਸ਼ਾਸਨ ਵਲੋਂ ਜਾਰੀ ਕਰਫਿਊ ਦੀਆਂ ਗਾਈਡ ਲਾਈਨਜ਼ ਦੀ ਉਲੰਘਣਾ ਕਰਨ ਵਾਲੇ ਵਿਅਕਤੀ, ਸਮੂਹ ਜਾਂ ਸੰਸਥਾ ਦੀ ਸੂਚਨਾ ਮੋਬਾਇਲ ਨੰਬਰ 92570-37000 'ਤੇ ਦਿੱਤੀ ਜਾ ਸਕਦੀ ਹੈ, ਇਸ ਤੋਂ ਇਲਾਵਾ ਜੇਕਰ ਕਿਸੇ ਨੂੰ ਆਕਸੀਜਨ ਸਿਲੰਡਰ, ਰੇਮੈਡਸਿਵਰ, ਟੋਸੀਲਿਜ਼ੂਮਾਬ ਜਾ ਆਰ.ਟੀ.-ਪੀ.ਸੀ.ਆਰ ਦੀ ਓਵਰ ਚਾਰਜਿੰਗ ਜਮ੍ਹਾਖੋਰੀ ਜਾ ਕਾਲਾਬਾਜਾਰੀ ਨੂੰ ਲੈ ਕੇ ਸ਼ਿਕਾਇਤ ਹੈ ਤਾਂ ਉਹ ਤੁਰੰਤ ਹੈਲਪਲਾਈਨ ਨੰਬਰ 81466-22501 'ਤੇ ਵਟਸਅੱਪ ਐਪ ਕਰਨ। ਉਨ੍ਹਾਂ ਕਿਹਾ ਕਿ ਆਰੋਪੀਆਂ ਦੇ ਖਿਲਾਫ ਐਫ.ਆਈ.ਆਰ ਦਰਜ ਕੀਤੀ ਜਾਵੇਗੀ।

# ਬਿਲਗਾ ਪੁਲਿਸ ਨੇ 7800 ਕਿਲੋਗ੍ਰਾਮ ਲਾਹਣ ਸਮੇਤ ਇਕ ਨੌਜਵਾਨ ਨੂੰ ਕੀਤਾ ਕਾਬੂ, ਇਕ ਫਰਾਰ

**ਬਿਲਗਾ (ਵਿਨੋਦ ਬੱਤਰਾ)** ਥਾਣਾ ਬਿਲਗਾ ਦੀ ਪੁਲਿਸ ਵੱਲੋਂ ਨਸ਼ਾ ਤਸਕਰਾਂ ਅਤੇ ਨਾਜਾਇਜ ਸ਼ਰਾਬ ਦੇ ਸਮੱਗਲਰਾਂ ਵਿਰੁੱਧ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਕੀਤੀ ਕਾਰਵਾਈ ਬਾਰੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਹਰਦੀਪ ਸਿੰਘ ਮੁੱਖ ਅਫਸਰ ਥਾਣਾ ਬਿਲਗਾ ਨੇ ਦੱਸਿਆ ਕਿ ਸਹਾਇਕ ਸਬ ਇੰਸਪੈਕਟਰ ਹਰਵਿੰਦਰ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਸੰਬੰਧੀ ਬੰਨ ਦਰਿਆ ਸਤਲੁਜ ਭੋਡੇ ਜਾ ਰਹੇ ਸੀ ਤਾਂ ਗੁਪਤ ਇਤਲਾਹ ਮਿਲੀ ਕਿ ਮਨਵੀਰ ਸਿੰਘ ਉਰਫ ਮੰਨੂ ਅਤੇ ਸਲਵਿੰਦਰ ਸਿੰਘ ਸਾਵਨੀ ਪੁੱਤਰ ਮਿਲਖਾ ਸਿੰਘ ਵਾਸੀ ਪਿੰਡ ਭੋਡੇ ਥਾਣਾ ਬਿਲਗਾ ਜ਼ਿਲਾ ਜਲੰਧਰ ਦਰਿਆ ਦੇ ਕੰਢੇ ਡਿੱਗੀਆਂ ਪੁੱਟ ਕੇ ਤਰਪਾਲਾਂ ਵਿੱਚ ਲਾਹਣ ਤਿਆਰ ਕਰਕੇ ਨਾਜਾਇਜ਼ ਸ਼ਰਾਬ ਕਸੀਦ ਕਰਨ ਦੀ ਤਿਆਰੀ ਵਿੱਚ ਹਨ ਅਤੇ ਨਾਜਾਇਜ ਸ਼ਰਾਬ ਵੇਚਣ ਦਾ ਧੰਦਾ ਕਰਦੇ ਹਨ। ਪੁਲਿਸ ਨੇ ਮੌਕੇ ਤੇ ਰੇਡ ਕੀਤਾ ਤਾਂ ਮੌਕੇ ਤੋਂ ਕੁੱਲ 7800 ਕਿਲੋਗ੍ਰਾਮ ਲਾਹਣ ਅਤੇ 02 ਖ਼ਾਲੀ ਡਰੰਮ ਲੋਹਾ, ਤਰਪਾਲਾਂ ਬ੍ਰਾਮਦ ਕੀਤੇ ਸਲਵਿੰਦਰ ਸਿੰਘ ਉਰਫ ਸਾਵਨੀ ਪੁੱਤਰ ਮਿਲਖਾ ਸਿੰਘ ਵਾਸੀ ਪਿੰਡ ਭੋਡੇ ਥਾਣਾ ਬਿਲਗਾ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਦਾ ਦੂਜਾ ਸਾਥੀ ਮਨਵੀਰ ਸਿੰਘ ਉਰਫ ਮੰਨੂ ਭੱਜਣ ਵਿਚ ਸਫਲ ਹੋ ਗਿਆ ਤੇ ਪੁਲਿਸ ਦੇ ਹੱਥ ਨਹੀਂ ਲੱਗਾ ਜਿਸ ਨੂੰ ਵੀ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ, ਭਾਲ ਜਾਰੀ ਹੈ ਥਾਣਾ ਬਿਲਗਾ ਵਿਚ ਮੁਕੱਦਮਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।



# ਮਰਾਠਿਆਂ ਨੂੰ ਦਿੱਤਾ ਰਾਖਵਾਂਕਰਨ ਗ਼ੈਰ-ਸੰਵਿਧਾਨਕ : ਸੁਪਰੀਮ ਕੋਰਟ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਮਹਾਰਾਸ਼ਟਰ ਦੀਆਂ ਸਿੱਖਿਆ ਸੰਸਥਾਵਾਂਅਤੇ ਸਰਕਾਰੀ ਨੌਕਰੀਆਂ ਵਿੱਚ ਮਰਾਠਿਆਂ ਲਈ ਰਾਖਵਾਂਕਰਨ ਦੇ ਫ਼ੈਸਲੇ ਨੂੰ ਰੱਦ ਕਰ ਕੇ ਇਸ ਨੂੰ 'ਗ਼ੈਰ-ਸੰਵਿਧਾਨਕ' ਕਿਹਾ ਹੈ। ਨਾਲ ਹੀ ਕੋਰਟ ਨੇ ਵੱਧ ਤੋਂ ਵੱਧ ਰਾਖਵਾਂਕਰਨ 50 ਫ਼ੀਸਦੀ ਸੀਮਾਂ ਤੈਅ ਕਰਨ ਵਾਲੇ 1992 ਦੇ ਇੰਦਰਾ ਸਾਹਨੀ ਫ਼ੈਸਲੇ ਨੂੰ ਮੁੜ ਵਿਚਾਰ ਲਈ ਵੱਡੇ ਬੈਂਚ ਨੂੰ ਭੇਜਣ ਦੀ ਮੰਗ ਵੀ ਠੁਕਰਾ ਦਿੱਤੀ ਹੈ। ਪੰਜ ਜੱਜਾਂ ਵਾਲੇ ਬੈਂਚ ਨੇ ਸਰਬ ਸੰਮਤੀ ਨਾਲ ਕਿਹਾ ਕਿ ਮਰਾਠਿਆਂ ਨੂੰ ਕੋਟਾ ਦੇਣ ਵਾਲੇ ਮਹਾਰਾਸ਼ਟਰ ਦੇ ਕਾਨੂੰਨ ਵਿੱਚ 50 ਫ਼ੀਸਦੀ ਸਦੀ ਦੀ ਸੀਮਾਂ ਦਾ ਉਲੰਘਣ ਹੋਇਆ ਹੈ ਅਤੇ ਮਰਾਠਾ ਰਿਜ਼ਰਵੇਸ਼ਨ ਦਿੰਦੇ ਸਮੇਂ 50 ਫ਼ੀਸਦੀ ਗ਼ੈਰ-ਕਾਨੂੰਨੀ ਰਿਜ਼ਰਵੇਸ਼ਨ ਦਾ ਉਲੰਘਣ ਕਰਨ ਦਾ ਕੋਈ ਜਾਇਜ਼ ਆਧਾਰ ਨਹੀਂ ਸੀ। ਫ਼ੈਸਲੇ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਮਰਾਠਾ ਭਾਈਚਾਰੇ ਦੇ ਲੋਕਾਂ ਨੂੰ ਅਕਾਦਮਿਕ ਅਤੇ ਸਮਾਜਕ ਰੂਪ ਵਿੱਚ ਐਲਾਨੀ ਸ਼੍ਰੇਣੀ ਵਜੋਂ ਲਾਇਆ ਜਾ ਸਕਦਾ ਹੈ। ਬੰਬੇ ਹਾਈਕੋਰਟ ਨੇ ਮਹਾਰਾਸ਼ਟਰ ਵਿੱਚ ਸਿੱਖਿਆ ਸੰਸਥਾਵਾਂ ਅਤੇ ਸਰਕਾਰੀ ਨੌਕਰੀਆਂ ਵਿੱਚ ਮਰਾਠਿਆਂ ਨੂੰ ਰਿਜ਼ਰਵੇਸ਼ਨ ਦੇਣ ਦੇ ਫ਼ੈਸਲੇ ਨੂੰ ਕਾਇਮ ਰੱਖਿਆ ਸੀ। ਇਸ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਉਤੇ ਸੁਪਰੀਮ ਕੋਰਟ ਨੇ ਕੱਲ੍ਹ ਫ਼ੈਸਲਾ ਸੁਣਾਇਆ। ਬੈਂਚ ਨੇ ਇਸ ਕੇਸ ਬਾਰੇ ਸੁਣਵਾਈ 15 ਮਾਰਚ ਨੂੰ ਸ਼ੁਰੂ ਕੀਤੀ ਸੀ। ਹਾਈਕੋਰਟ ਨੇ ਜੂਨ 2019 ਦੇ ਕਾਨੂੰਨ ਨੂੰ ਕਾਇਮ ਰੱਖਦੇ ਹੋਏ ਕਿਹਾ ਸੀ ਕਿ 16 ਫ਼ੀਸਦੀ ਸਦੀ ਰਿਜ਼ਰਵੇਸ਼ਨ ਉਚਿਤ ਨਹੀਂ ਹੈ।



# 50 ਪੀ. ਪੀ. ਈ. ਕਿਟਾਂ ਅਤੇ 1000 ਫੇਸ ਮਾਸਕ

## ਏ.ਯੂ. ਸਮਾਲ ਫਾਈਨਾਂਸ ਬੈਂਕ ਨੇ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਨੂੰ ਭੇਂਟ ਕੀਤੇ

**ਹੁਸ਼ਿਆਰਪੁਰ (ਜਸਵੀਰ ਸਿੰਘ ਪੁਰੇਵਾਲ)** ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਲ੍ਹਿਾ ਰੈਡ ਕਰਾਸ ਸੋਸਾਇਟੀ ਹੁਸ਼ਿਆਰਪੁਰ ਅਪਨੀਤ ਰਿਆਤ ਨੇ ਕਿਹਾ ਕਿ ਜ਼ਲ੍ਹਿਾ ਰੈਡ ਕਰਾਸ ਸੋਸਾਇਟੀ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਕੋਵਿਡ-19 ਦੇ ਇਸ ਮੁਸ਼ਕਲ ਦੌਰ ਵਿੱਚ ਜ਼ਰੂਰਤਮੰਦ ਲੋਕਾਂ ਨੂੰ ਹਰ ਸੰਭਵ ਸਹਾਇਤਾ ਪਹੁੰਚਾ ਰਹੀ ਹੈ। ਉਨ੍ਹਾਂ ਕਿਹਾ ਕਿ ਸੋਸਾਇਟੀ ਵਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕੰਮ ਤਾਂ ਹੀ ਸੰਭਵ ਹੁੰਦੇ ਹਨ ਜਦ ਦਾਨੀ ਸੱਜਣ ਅੱਗੇ ਆਉਂਦੇ ਹਨ। ਉਨ੍ਹਾਂ ਕਿਹਾ ਕਿ ਇਸ ਕੜੀ ਵਿੱਚ ਅੱਜ ਏ.ਯੂ. ਸਮਾਲ ਫਾਈਨਾਂਸ ਬੈਂਕ ਹੁਸ਼ਿਆਰਪੁਰ ਵਲੋਂ ਬਰਾਂਚ ਮੈਨੇਜਰ ਪਾਰੁਲ ਗੁਪਤਾ, ਬਰਾਂਚ ਸੇਲਸ ਮੈਨੇਜਰ ਨਵਦੀਪ ਬਿਆਲਾ ਤੇ ਰਿਲੇਸ਼ਨਸ਼ਿਪ ਮੈਨੇਜਰ ਦੀਪਤੀ ਵਿਜ ਤੇ ਵਿਵੇਕ ਪਾਠਕ ਨੇ ਕੋਵਿਡ-19 ਦੇ ਫੈਲਾਅ ਨੂੰ ਰੋਕਣ ਲਈ ਸੋਸਾਇਟੀ ਨੂੰ 50 ਪੀ.ਪੀ.ਈ. ਕਿੱਟਾਂ ਤੇ 1000 ਫੇਸ ਮਾਸਕ ਸੌਂਪੇ ਜੋ ਕਿ ਇਕ ਸ਼ਲਾਘਾਯੋਗ ਪਹਿਲ ਹੈ।

ਸਕੱਤਰ ਜ਼ਲ੍ਹਿਾ ਰੈਡ ਕਰਾਸ ਸੋਸਾਇਟੀ ਨਰੇਸ਼ ਗੁਪਤਾ ਨੇ ਦੱਸਿਆ ਕਿ ਏ.ਯੂ. ਸਮਾਲ ਫਾਈਨਾਂਸ ਬੈਂਕ ਨੇ ਜ਼ਲ੍ਹਿਾ ਰੈਡ ਕਰਾਸ ਸੋਸਾਇਟੀ ਵਲੋਂ ਕੀਤੇ ਜਾ ਰਹੇ ਭਲਾਈ ਕੰਮਾਂ ਦੀ ਪ੍ਰਸ਼ੰਸਾ ਕਰਦੇ ਹੋਏ ਆਉਣ ਵਾਲੇ ਸਮੇਂ ਵਿੱਚ ਵੀ ਇਸ ਸੰਸਥਾ ਵਲੋਂ ਸਹਾਇਤਾ ਮੁਹੱਈਆ ਕਰਵਾਉਣ ਦਾ ਭਰੋਸਾ ਦਿੱਤਾ। ਉਨ੍ਹਾਂ ਜ਼ਲ੍ਹਿੇ ਦੇ ਸਮਾਜ ਸੇਵਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਕਰਫਿਊ ਦੌਰਾਨ ਜ਼ਰੂਰਤਮੰਦ ਪਰਿਵਾਰਾਂ ਨੂੰ ਜਰੂਰੀ ਸੁਵਿਧਾਵਾਂ ਮੁਹੱਈਆ ਕਰਨ ਸਬੰਧੀ ਸੋਸਾਇਟੀ ਦੇ ਐਚ.ਡੀ.ਐਫ.ਸੀ. ਬੈਂਕ ਵਿੱਚ ਚਾਲੂ ਖਾਤਾ ਨੰਬਰ 50100309716962 (ਆਈ.ਐਫ.ਐਸ.ਸੀ. ਕੋਡ-ਐਚ.ਡੀ.ਐਫ.ਸੀ. 0000229) ਜਾਂ ਜ਼ਲ੍ਹਿਾ ਰੈਡ ਕਰਾਸ ਦਫ਼ਤਰ ਦੇ ਫੋਨ ਨੰਬਰ 01882-221071 ਜਾਂ ਡਿਸਟ੍ਰਿਕਟ ਰੈਡ ਕਰਾਸ ਸੋਸਾਇਟੀ ਹੁਸ਼ਿਆਰਪੁਰ ਦੇ ਫੇਸਬੁੱਕ ਪੇਜ ਰਾਹੀਂ ਸੰਪਰਕ ਕਰਕੇ ਆਪਣਾ ਯੋਗਦਾਨ ਦੇਣ, ਤਾਂ ਜੋ ਇਸ ਮੁਸ਼ਕਲ ਦੌਰ ਵਿੱਚ ਵੱਧ ਤੋਂ ਵੱਧ ਜ਼ਰੂਰਤਮੰਦਾਂ ਦੀ ਸਹਾਇਤਾ ਕੀਤੀ ਜਾ ਸਕੇ।



# ਪੰਜਾਬ ਅਤੇ ਹਰਿਆਣਾ ਵਿੱਚ ਆਕਸਜੀਨ ਦੀ ਕਮੀ ਬਾਰੇ ਹਾਈ ਕੋਰਟ ਵਿੱਚ ਜਵਾਬ ਪੇਸ਼

**ਚੰਡੀਗੜ੍ਹ।** ਕੋਰੋਨਾ ਵਾਇਰਸ ਦੇ ਕਾਰਨ ਬਣੇ ਗੰਭੀਰ ਹਾਲਾਤ ਵਿਚ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਆਕਸੀਜਨ ਦਾ ਸੰਕਟ ਵਧਦਾ ਜਾ ਰਿਹਾ ਹੈ। ਹਰਿਆਣਾ ਦੀ ਇੱਕ ਜੇਲ੍ਹ ਵਿੱਚ ਕੈਦੀ ਨੂੰ ਕੋਰੋਨਾ ਹੋਣ ਉੱਤੇ ਪੰਜਾਬ ਤੇ ਹਰਿਆਣਾ ਹਾਈ ਕੋਰਟਨੇ ਕੇਸ ਦਾ ਘੇਰਾ ਵਧਾ ਕੇ ਕੇਸ ਦੀ ਤਾਜ਼ਾ ਸੁਣਵਾਈ ਕੀਤੀ ਤਾਂ ਇਸ ਮੌਕੇ ਅਦਾਲਤ ਵੱਲੋਂ ਨਿਯੁਕਤ ਐਮਿਕਸ ਕਿਊਰੀ (ਨਿਆਂ ਮਿੱਤਰ) ਰੁਪਿੰਦਰ ਖੋਸਲਾ ਨੇ ਦੱਸਿਆ ਕਿ ਹਰਿਆਣਾ ਵਿੱਚ ਹਾਲਾਤ ਖ਼ਰਾਬ ਹਨ, ਕਿਉਂਕਿ ਪਾਣੀਪਤ ਪਲਾਂਟ ਤੋਂ ਹਰਿਆਣਾ ਲਈ ਆਕਸੀਜਨ ਕੋਟਾ ਘਟਾ ਕੇ 20 ਮੀਟਰਿਕਕ ਟਨ ਕਰ ਦਿੱਤਾ ਗਿਆ ਹੈ ਅਤੇ ਇਹ ਪਲਾਂਟ 100 ਫ਼ੀਸਦੀ ਕੰਮ ਵੀ ਨਹੀਂ ਕਰ ਰਿਹਾ।

ਰੁਪਿੰਦਰ ਖੋਸਲਾ ਨੇ ਦੱਸਿਆ ਕਿਰੁੜਕੇਲਾ ਪਲਾਂਟ ਤੋਂ 70 ਐਮ ਟੀ ਆਕਸੀਜਨ ਹਰਿਆਣਾ ਪੁੱਜਣ ਨੂੰ ਚਾਰ ਦਿਨ ਲੱਗਦੇ ਹਨ। ਬੀਤੀ ਚਾਰ ਮਈ ਦੁਪਹਿਰੇ ਤਿੰਨ ਵਜੇ ਤੱਕ ਸੀ ਕੇ ਬਿਰਲਾ ਹਸਪਤਾਲ ਗੁਰੂਗਰਾਮ ਕੋਲ ਆਕਸੀਜਨ ਨਹੀਂ ਸੀ, ਜਦ ਕਿ ਉਥੇ 17 ਗੰਭੀਰ ਬਿਮਾਰ ਮਰੀਜ਼ ਆਕਸੀਜਨ ਉੱਤੇ ਨਿਰਭਰ ਸਨ। ਉਨ੍ਹਾਂ ਕਿਹਾ ਕਿ ਹੋਰ ਹਸਪਤਾਲਾਂ ਵਿੱਚ ਵੀ ਇਸ ਤਰ੍ਹਾਂ ਦੇ ਹਾਲਤ ਹੋ ਸਕਦੇ ਹਨ ਅਤੇ ਜੇ ਸਮੇਂ ਸਿਰ ਆਕਸੀਜਨ ਸਪਲਾਈ ਨਾ ਪੂਰੀ ਹੋਈ ਤਾਂ ਹਾਲਤ ਹੋਰ ਵੀ ਖ਼ਰਾਬ ਹੋ ਸਕਦੇ ਹਨ ਅਤੇ ਕਈ ਜਾਨਾਂ ਜਾ ਸਕਦੀਆਂ ਹਨ।

ਦੂਸਰੇ ਪਾਸੇ ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਸਰਕਾਰੀ ਵਕੀਲ ਨੇ ਦੱਸਿਆ ਕਿ ਇਸ ਰਾਜ ਵਿੱਚ ਆਕਸੀਜਨ ਦੀ ਖਰੀਦ ਵਿੱਚ ਪ੍ਰੇਸ਼ਾਨੀ ਹੋ ਰਹੀ ਹੈ। ਉਨ੍ਹਾਂ ਨੂੰ ਰੁੜਕੇਲਾ ਪਲਾਂਟ ਤੋਂ ਕੋਟਾ ਮਿਲਦਾ ਹੈ, ਜਿੱਥੋਂ ਆਕਸੀਜਨ ਪੰਜਾਬਪੁੱਜਣ ਦੀ ਮੁਸ਼ਕਲ ਪੇਸ਼ ਆ ਰਹੀ ਹੈ। ਗੱਡੀਆਂ ਪੰਜਾਬ ਵਿੱਚ ਆਕਸੀਜਨ ਪਹੁੰਚਾਉਣਨੂੰ ਕਈ ਦਿਨ ਲਾ ਰਹੀਆਂ ਹਨ। ਇਸ ਲਈ ਰਾਜ ਦੇ ਨੇੜੇ ਲੱਗੇ ਪਲਾਂਟਾਂ ਤੋਂ ਆਕਸੀਜਨ ਦਿਵਾਉਣ ਦੀ ਮੰਗ ਕੀਤੀ ਗਈ। ਐਮਿਕਸ ਕਿਊਰੀ ਰੁਪਿੰਦਰ ਖੋਸਲਾ ਨੇ ਦੱਸਿਆ ਕਿ ਰਾਜਾਂ ਵਿੱਚ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਬੈਡ ਸੀਮਤ ਹੋਣ ਕਰਕੇ ਕੁਝ ਮਰੀਜ਼ਾਂ ਨੂੰ ਘਰੇ ਇਲਾਜ ਕਰਾਉਣਾ ਪੈ ਰਿਹਾ ਹੈ, ਪਰ ਅਖ਼ੀਰਮਰੀਜ਼ਾਂ ਨੂੰ ਆਕਸੀਜਨ ਦੀ ਲੋੜ ਹੈ ਤੇ ਉਨ੍ਹਾਂ ਨੂੰ ਖੁੱਲ੍ਹੇ ਬਾਜ਼ਾਰ ਵਿੱਚੋਂ ਖਰੀਦਣੀ ਪੈ ਰਹੀ ਹੈ। ਉਨ੍ਹਾਂ ਦੱਸਿਆ ਕਿ ਆਕਸੀਜਨ ਵੀ ਆਸਾਨੀ ਨਾਲ ਨਹੀਂ ਮਿਲ ਰਹੀ। ਚੰਡੀਗੜ੍ਹ ਦੇ ਸੀਨੀਅਰ ਸਟੈਂਡਿੰਗ ਕੌਂਸਲ ਨੇ ਹਾਈ ਕੋਰਟ ਨੂੰ ਦੱਸਿਆ ਕਿ ਜੇ ਘਰਾਂ ਵਿੱਚ ਮਰੀਜ਼ਾਂ ਨੂੰ ਆਕਸੀਜਨ ਦੀ ਕੋਈ ਪ੍ਰੇਸ਼ਾਨੀ ਆਵੇ ਤਾਂ ਇਲਾਕਾ ਐਸ ਡੀ ਐਮ ਦੀ ਡਿਊਟੀ ਲਾ ਕੇ ਜ਼ੋਨ ਬਣਾ ਕੇ ਫ਼ੋਨ ਨੰਬਰ ਦਿੱਤੇ ਜਾਣਗੇ। ਹਾਈ ਕੋਰਟ ਨੇ ਕਿਹਾ ਕਿ ਜੇ ਕਿਸੇ ਤਰ੍ਹਾਂ ਦੀ ਜਮ੍ਹਾਂਖੋਰੀ ਪਤਾ ਲੱਗੇ ਤਾਂ ਐਸ ਡੀ ਐਮ ਕਾਰਵਾਈ ਲਈ ਸੁਤੰਤਰ ਹੈ ਤੇ ਉਹ ਪੁਲਸ ਦੀ ਮਦਦ ਲੈ ਸਕਦਾ ਹੈ। ਪੰਜਾਬ ਤੇ ਹਰਿਆਣਾ ਵਿੱਚ ਨੋਡਲ ਕਮੇਟੀਆਂ ਪਹਿਲਾਂ ਤੋਂ ਬਣੀਆਂ ਹੋਈਆਂ ਹਨ। ਦੋਵਾਂ ਰਾਜਾਂ ਨੇ ਯਕੀਨ ਦਿਵਾਇਆ ਕਿ ਘਰਾਂ ਵਿੱਚ ਮਰੀਜ਼ਾਂ ਨੂੰ ਆਕਸੀਜਨ ਪਹੁੰਚਾਉਣ ਵਿੱਚ ਚੰਡੀਗੜ੍ਹ ਵਾਂਗ ਹਰ ਜ਼ਿਲ੍ਹੇ ਵਿੱਚਯੋਗ ਪ੍ਰਬੰਧ ਕੀਤੇ ਜਾਣਗੇ। ਦੋਵਾਂ ਰਾਜਾਂ ਨੇ ਕਿਹਾ ਕਿ ਜ਼ਿਲ੍ਹਾ ਪੱਧਰ ਉੱਤੇ ਬਣਾਈ ਨੋਡਲ ਕਮੇਟੀ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਸੈਕਟਰੀ ਸ਼ਾਮਲ ਕੀਤੇ ਜਾਣਗੇ। ਹਾਈ ਕੋਰਟ ਨੇ ਕਿਹਾ ਕਿ ਉਹ ਵਿਚਾਰ ਕਰਨਗੇ ਕਿ ਕੀ ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਸੈਕਟਰੀ ਦੇ ਦਸਖ਼ਤ ਵਾਲੀ ਨੋਡਲ ਕਮੇਟੀ ਦੀ ਸਟੇਟਸ ਰਿਪੋਰਟ ਮੰਗੀ ਜਾਵੇ ਜਾਂ ਨਾ। ਕੋਰਟ ਨੇ ਕਿਹਾ ਕਿ ਜੇ ਘਰਾਂ ਵਿੱਚ ਲੋੜਵੰਦ ਮਰੀਜ਼ਾਂ ਲਈ ਆਕਸੀਜਨ ਸਪਲਾਈ ਹੋਵੇ ਤਾਂ ਹਸਪਤਾਲਾਂ ਤੇ ਪ੍ਰਸ਼ਾਸਨ ਦਾ ਬੋਝ ਘਟੇਗਾ। ਐਮਿਕਸ ਕਿਊਰੀ ਨੇ ਦੱਸਿਆ ਕਿ ਮੋਹਾਲੀ, ਬਰਨਾਲਾ ਤੇ ਪੰਜਾਬ ਦੇ ਹੋਰ ਮੈਡੀਕਲ ਇੰਸਟੀਚਿਊਟਸਦੇ ਕਈ ਵੈਂਟੀਲੇਟਰ ਵਰਤੋਂ ਵਿੱਚ ਨਹੀਂ ਹਨ, ਜਿਨ੍ਹਾਂ ਨੂੰ ਵਰਤੋਂ ਵਿੱਚ ਲਿਆਉਣਾ ਚਾਹੀਦਾ ਹੈ। ਪੰਜਾਬ ਦੇ ਵਕੀਲ ਨੇ ਦੱਸਿਆ ਕਿ ਇਸ ਬਾਰੇ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਹਾਈ ਕੋਰਟ ਨੇ ਕਿਹਾ ਕਿ ਉਹ ਕੇਸ ਵਿੱਚ ਕੀਤੀ ਕਾਰਵਾਈ ਤੋਂ ਜਾਣੂ ਕਰਵਾਉਣਗੇ। ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਵੱਲੋਂ ਹੋਰ ਆਕਸੀਜਨ ਸਿਲੰਡਰਾਂ ਦੀ ਮੰਗ ਬਾਰੇ ਕੇਂਦਰ ਦੇ ਵਕੀਲ ਨੇ ਕਿਹਾ ਕਿ ਉਨ੍ਹਾਂ ਦੀ ਮੰਗ ਉੱਤੇ ਛੇਤੀ ਵਿਚਾਰ ਕੀਤਾ ਜਾਵੇਗਾ। ਹਾਈ ਕੋਰਟ ਨੇ ਕਿਹਾ ਕਿ ਆਕਸੀਜਨ ਦੀ ਕਮੀ ਕਰਕੇ ਮੌਤਾਂ ਨਾ ਹੋਣ, ਇਸ ਲਈ ਛੇਤੀ ਯੋਗ ਕਦਮ ਚੁੱਕਣ ਦੀ ਲੋੜ ਹੈ।



# ਮਾਂ ਚਿੰਤਪੂਰਨੀ ਲੰਗਰ ਕਮੇਟੀ ਵੱਲੋਂ ਪ੍ਰਿੰਸ ਅਰੋੜਾ, ਰਾਜਵਿੰਦਰ ਕੌਰ, ਤੇ ਬਾਲਮੁਕੰਦ ਬਾਲੀ ਸਨਮਾਨਿਤ

**ਕਰਤਾਰਪੁਰ(ਜਸਵੰਤ ਵਰਮਾ, ਦਿਨੇਸ਼ ਕੁਮਾਰ)** ਮਾਂ ਚਿੰਤਪੂਰਨੀ ਲੰਗਰ ਕਮੇਟੀ ਛੱਤਰੀ ਵਾਲਾ ਮੋੜ ਕਰਤਾਰਪੁਰ ਦੇ ਸਾਰੇ ਮੈਂਬਰਾਂ ਵਲੋਂ ਨਗਰ ਕੌਂਸਲ ਦੇ ਨਵੇਂ ਪ੍ਰਧਾਨ ਪ੍ਰਿੰਸ ਅਰੋੜਾ, ਸੀਨੀਅਰ ਮੀਤ ਪ੍ਰਧਾਨ ਰਾਜਵਿੰਦਰ ਕੌਰ, ਮੀਤ ਪ੍ਰਧਾਨ ਬਾਲ ਮੁਕੰਦ ਬਾਲੀ ਨੂੰ ਗੁਲਦਸਤਾ, ਮਾਤਾ ਰਾਣੀ ਦੀ ਚੁੰਨੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਮਹੇਸ਼ਕਾਂਤ ਸ਼ਰਮਾ ਨੇ ਕਿਹਾ ਕਿ ਕਰਤਾਰਪੁਰ ਨਗਰ ਕੌਂਸਲ ਦੀ ਨਵੀਂ ਟੀਮ ਤੋ ਸਾਨੂੰ ਬਹੁਤ ਆਸਾ ਹਨ। ਸਾਨੂੰ ਪੂਰੀ ਉਮੀਦ ਹੈ ਨਵੀਂ ਟੀਮ ਸ਼ਹਿਰ ਦੀਆਂ ਸੜਕਾਂ, ਸਫਾਈ, ਸੀਵਰੇਜ, ਲਾਈਟਾਂ, ਸੀਵਰੇਜ ਟਰੀਟਮੈਂਟ ਪਲਾਂਟ ਵੱਲ ਜਲਦੀ ਹੀ ਵਿਸ਼ੇਸ਼ ਧਿਆਨ ਦੇਵੇਗੀ। ਇਸ ਮੌਕੇ ਕੌਂਸਲਰ ਜੋਤੀ ਅਰੋੜਾ, ਕੌਂਸਲਰ ਅਮਰਜੀਤ ਕੌਰ,ਅਮਰਜੀਤ ਸਿੰਘ ਭੰਵਰਾ, ਅਸ਼ੀਸ਼ ਜੋਲੀ, ਪਵਨ ਕੁਮਾਰ ਸ਼ਰਮਾ, ਸੁਦੀਪ ਕੁਮਾਰ,ਕਮਲ ਡੈਨੀ, ਗੁਰਦੀਪ ਚੰਦ, ਅਮਰਜੀਤ ਜੀਤਾ, ਜਸਦੀਪ ਸਿੰਘ ਭੰਵਰਾ,ਅਵਤਾਰ ਸਿੰਘ ਭੰਵਰਾ, ਰਜਨੀ ਭੰਵਰਾ ,ਗੁਰਦੀਪ ਸਿੰਘ ਮਿੰਟੂ, ਮੁਕੇਸ਼ ਕੁਮਾਰ ਟੋਨੀ,ਆਦਿ ਹਾਜਰ ਸਨ।



# ਐਨ ਐਚ ਐਮ ਕਰਮਚਾਰੀ ਫਿਰ ਹੜਤਾਲ ਤੇ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਐਨ.ਐਚ.ਐਮ ਕਰਮਚਾਰੀਆਂ ਦੀ ਸਿਹਤ ਮੰਤਰੀ ਨਾਲ ਮੀਟਿੰਗ ਰਹੀ ਬੇਸਿੱਟਾ ਰਹਿਣ ਕਾਰਨ ਮੁਲਾਜ਼ਮ ਦੁਬਾਰਾ ਹੜ੍ਹਤਾਲ ਤੇ ਸਿਹਤ ਵਿਭਾਗ ਦੇ ਲਗਪਗ 11500 ਮੁਲਾਜ਼ਮ ਸ਼ੋਸ਼ਣ ਤੋਂ ਤੰਗ ਆ ਕੇ ਅਤੇ ਸਿਹਤ ਮੰਤਰੀ ਨਾਲ ਮੀਟਿੰਗ ਬੇਸਿੱਟਾ ਰਹਿਣ ਕਰ ਕੇ ਦੁਬਾਰਾ ਹੜਤਾਲ ਤੇ ਚਲੇ ਗਏ ਹਨ ।ਕੱਲ੍ਹ ਚੰਡੀਗੜ੍ਹ ਸਿਹਤ ਮੰਤਰੀ ਜੀ ਦੇ ਨਿਵਾਸ ਸਥਾਨ ਵਿਖੇ ਯੂਨੀਅਨ ਆਗੂਆਂ ਨਾਲ ਮੀਟਿੰਗ ਕੀਤੀ ਗਈ ।ਜਿਸ ਵਿਚ ਇਨ੍ਹਾਂ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਬਾਰੇ ਕੋਈ ਵੀ ਠੋਸ ਪਾਲਿਸੀ ਨਹੀਂ ਬਣਾਈ ਜਾ ਸਕੀ ।ਜਿਸ ਕਾਰਨ ਮੁਲਾਜ਼ਮਾਂ ਦੇ ਵਿੱਚ ਬਹੁਤ ਰੋਸ ਹੈ ।ਸਰਕਾਰ ਪਿਛਲੇ 15 ਸਾਲਾਂ ਤੋਂ ਇਨ੍ਹਾਂ ਮੁਲਾਜ਼ਮਾਂ ਦਾ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਕਰ ਰਹੀ ਹੈ।ਕਵਿਡ ਦੌਰਾਨ ਇਨ੍ਹਾਂ ਕਰਮਚਾਰੀਆਂ ਨੇ ਆਪਣੀ ਅਤੇ ਆਪਣੇ ਪਰਿਵਾਰ ਦੀ ਜਾਨ ਦੀ ਪਰਵਾਹ ਕੀਤੇ ਬਿਨਾਂ ਸਿਹਤ ਵਿਭਾਗ ਵਿੱਚ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਈ ਹੈ ਅਤੇ ਨਿਭਾ ਰਹੇ ਹਨ । ਡਿਊਟੀ ਦੌਰਾਨ 500ਦੇ ਕਰੀਬ ਕਰਮਚਾਰੀ ਕੋਵਿਡ ਪੋਜ਼ੇਟਿਵ ਆ ਗਏ ਸਨ ਜਿਨ੍ਹਾਂ ਨੇ ਆਪਣੇ ਖਰਚੇ ਤੇ ਆਪਣਾ ਇਲਾਜ ਕਰਵਾਇਆ ਅਤੇ ਦੋ ਕਰਮਚਾਰੀਆਂ ਨੇ ਇਸ ਜੰਗ ਵਿੱਚ ਸ਼ਹੀਦੀ ਵੀ ਪਾ ਲਈ ਹੈ ।ਇਨ੍ਹਾਂ ਕਰਮਚਾਰੀਆਂ ਵਿਚ ਆਊਟਸੋਰਸ ਕਰਮਚਾਰੀ ,ਕੰਪਿਊਟਰ ਆਪ੍ਰੇਟਰ, ਆਈ ਏ ਫਾਰਮਾਸਿਸਟ ,ਏ ,ਐੱਨ, ਐੱਮ ,ਸਟਾਫ ਨਰਸਾਂ, ਲੈਬ, ਟੈਕਨੀਸ਼ੀਅਨ ਡਾ.,ਆਈ. ਡੀ.ਐੱਸ ਪੀ. ਯੂਨਿਟ ਅਤੇ ਹੋਰ ਵੀ ਕੈਡਰਾਂ ਦੇ ਕਰਮਚਾਰੀ ਸ਼ਾਮਲ ਹਨ ।ਸਰਕਾਰ ਦੁਆਰਾ ਸੁਝਾਈ ਗਈ ਪਾਲਿਸੀ ਅਨੁਸਾਰ ਇਹ ਕਰਮਚਾਰੀ ਕਦੀ ਵੀ ਪੱਕੇ ਨਹੀਂ ਹੋਣਗੇ ਅਤੇ ਠੇਕੇ ਤੇ ਹੀ ਰਿਟਾਇਰ ਹੋ ਜਾਣਗੇ ।ਬਾਰ ਬਾਰ ਸਰਕਾਰ ਨੇ ਇਨ੍ਹਾਂ ਨੂੰ ਝੂਠੇ ਲਾਰਿਆਂ ਤੋਂ ਇਲਾਵਾ ਕੁਝ ਵੀ ਨਹੀਂ ਦਿੱਤਾ ਅਤੇ ਇਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਧਮਕੀ ਦੇ ਕੇ ਇਨ੍ਹਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਿਸ ਦਾ ਮੁਲਾਜ਼ਮਾਂ ਵਲੋਂ ਵਿਰੋਧ ਕੀਤਾ ਗਿਆ ਅਤੇ ਇਸ ਤੋਂ ਬਾਅਦ ਮੁਲਜ਼ਮਾਂ ਨੇ ਨਾ ਚਾਹੁੰਦੇ ਹੋਏ ਤੇ ਮਜਬੂਰ ਹੋ ਕੇ ਅਣਮਿੱਥੇ ਸਮੇਂ ਲਈ ਹੜਤਾਲ ਤੇ ਜਾਣ ਦਾ ਫ਼ੈਸਲਾ ਲਿਆ ਹੈ ।ਜਿਸ ਨਾਲ ਸਿਹਤ ਵਿਭਾਗ ਦੇ ਕੰਮ ਪ੍ਰਭਾਵਿਤ ਹੋਣ ਦੀ ਸਾਰੀ ਜ਼ੰਮਿੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ ।ਇਸ ਮੌਕੇ ਡਾ.ਯੋਗੇਸ਼ ,ਡਾ. ਰਮਨ, ਡਾ. ਮੋਨਿਕਾ, ਬਲਜਿੰਦਰ ਕੌਰ ਬੀ. ਏ. ਸੀ., ਸੰਦੀਪ ਕੁਮਾਰ ਆਈ.ਏ, ਸਾਰੀਆਂ ਸੀ. ਐੱਚ .ਓ,ਸਮੂਹ ਸਟਾਫ ਨਰਸ ਐਨ. ਐਚ .ਐਮ ਆਦਿ ਹਾਜ਼ਰ ਸਨ ।



# ਵਿਦੇਸ਼ੀ ਮੱਦਦ ਵਜੋਂ ਮੈਡੀਕਲ ਯੰਤਰ ਕੋਰੋਨਾ ਪੀੜਤਾਂ ਵਾਸਤੇ ਮਿਲੇ, ਡੱਬਿਆਂ ਵਿੱਚ ਰੱਖਣ ਲਈ ਨਹੀਂ : ਹਾਈਕੋਰਟ




**ਨਵੀਂ ਦਿੱਲੀ।** ਦਿੱਲੀ ਹਾਈਕੋਰਟ ਦੇ ਜਸਟਿਸ ਵਿਪਿਨ ਸਾਂਗੀ ਅਤੇ ਜਸਟਿਸ ਰੇਖਾ ਪੱਲੀ ਦੇ ਇੱਕ ਬੈਂਚ ਨੇ ਕਿਹਾ ਹੈ ਕਿ ਵਿਦੇਸ਼ੀ ਸਹਾਇਤਾ ਵਜੋਂ ਮਿਲੇ ਮੈਡੀਕਲ ਜੰਤਰ ਕੋਰੋਨਾ ਮਰੀਜ਼ਾਂ ਦੀ ਮੱਦਦ ਵਾਸਤੇ ਹਨ, ਨਾ ਕਿ ਕੁਝ ਸੰਸਥਾਵਾਂ ਦੇ ਡੱਬਿਆਂ ਵਿੱਚ ਰੱਖਣ ਲਈ ਕਿ ਜਿੱਥੇ ਇਹ ਪਏ-ਪਏ ਕਬਾੜ ਬਣ ਜਾਣ।

ਐਮਿਕਸ ਕਿਊਰੀ (ਨਿਆਂ ਮਿੱਤਰ) ਅਤੇ ਸੀਨੀਅਰ ਵਕੀਲ ਰਾਜਸ਼ੇਖਰ ਰਾਓ ਵੱਲੋਂ ਕੇਂਦਰ ਅਤੇ ਦਿੱਲੀ ਸਰਕਾਰ ਵੱਲੋਂ ਸਹਾਇਤਾ ਦੇ ਤੌਰ ਉਤੇ ਮਿਲੇ ਮੈਡੀਕਲ ਜੰਤਰਾਂ ਦੀ ਵੰਡ ਕਰਨ ਦੇ ਤਰੀਕੇ ਉਤੇ ਪ੍ਰਗਟਾਈ ਚਿੰਤਾ ਬਾਰੇ ਅਦਾਲਤ ਨੇ ਇਹ ਟਿੱਪਣੀ ਕੀਤੀ ਹੈ। ਰਾਓ ਨੇ ਕਿਹਾ ਕਿ ਲੇਡੀ ਹਾਰਡਿੰਗ ਕਾਲਜ ਨੂੰ ਕਰੀਬ 260 ਆਕਸੀਜਨ ਕੰਨਸਟ੍ਰੇਟਰ ਦਿੱਤੇ ਗਏ ਜਦਕਿ ਉਥੇ ਏਨੀ ਲੋੜ ਨਹੀਂ ਸੀ। ਇਸ ਉਤੇ ਅਦਾਲਤ ਨੇ ਕੇਂਦਰ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਵਿਦੇਸ਼ੀ ਮਦਦ ਦੀ ਵੰਡਬਾਰੇ ਜ਼ਮੀਨੀ ਸਥਿਤੀ ਦੀ ਪੁਸ਼ਟੀ ਕਰਨ ਦਾ ਆਦੇਸ਼ ਦਿੱਤਾ। ਲੋਕ ਸੇਵਾ ਵਿੱਚ ਲੱਗੀਆਂ ਸਵੈ-ਸੇਵੀ ਸੰਸਥਾਵਾਂ ਜਿਵੇਂ ਗੁਰਦੁਆਰੇ ਅਤੇ ਗ਼ੈਰ ਸਰਕਾਰੀ ਸੰਗਠਨਾਂ ਨੂੰ ਮੈਡੀਕਲ ਜੰਤਰ ਦੇਣ ਉੱਤੇ ਵਿਚਾਰ ਕਰਨ ਨੂੰ ਵੀ ਕਿਹਾ ਹੈ। ਇਸੇ ਦੌਰਾਨ ਦਿੱਲੀ ਹਾਈਕੋਰਟ ਨੇ ਇਹ ਵੀ ਕਿਹਾ ਕਿ ਇੰਝ ਜਾਪਦਾ ਹੈ ਕਿ ਦਿੱਲੀ ਸਰਕਾਰ ਨੇ ਤਰਲ ਮੈਡੀਕਲ ਆਕਸੀਜਨ (ਐਲ ਐਮ ਓ) ਬਣਾਉਣ ਅਤੇ ਰਾਜਧਾਨੀ ਵਿੱਚ ਇਸ ਦੀ ਵੰਡ ਨੂੰ ਸੁਚਾਰੂ ਬਣਾਉਣ ਲਈ ਕਦਮ ਨਹੀਂ ਚੁੱਕੇ।

# ਸਿਹਤ ਢਾਂਚੇ ਲਈ ਰਿਜ਼ਰਵ ਬੈਂਕ ਵੱਲੋਂ 50 ਹਜ਼ਾਰ ਕਰੋੜ ਜਾਰੀ

**ਮੁੰਬਈ।** ਭਾਰਤੀ ਰਿਜ਼ਰਵ ਬੈਂਕ ਨੇ ਕੁਝ ਪ੍ਰਾਈਵੇਟ ਤੇ ਛੋਟੇ ਕਰਜ਼ਦਾਰਾਂ ਨੂੰ ਉਨ੍ਹਾਂ ਦਾ ਕਰਜ਼ਾ ਮੋੜਨ ਲਈ ਕੁਝ ਹੋਰ ਸਮਾਂ ਦੇਣ ਅਤੇ ਵੈਕਸੀਨ ਨਿਰਮਾਤਾਵਾਂ, ਹਸਪਤਾਲਾਂ ਤੇ ਕੋਵਿਡ-19 ਦੇ ਸਿਹਤ ਢਾਂਚੇ ਨੂੰ ਪਹਿਲ ਦੇ ਆਧਾਰ ਉਤੇ ਕਰਜ਼ਾ ਦੇਣ ਲਈ 50,000 ਕਰੋੜ ਰੁਪਏ ਦੇ ਵਿਸ਼ੇਸ਼ ਪ੍ਰਬੰਧ ਦਾ ਐਲਾਨ ਕੀਤਾ ਹੈ। ਇਹ ਉਪਰਾਲੇ ਕੋਰੋਨਾ ਵਾਇਰਸ ਦੇ ਕਾਰਨ ਪ੍ਰਭਾਵਤ ਹੋ ਰਹੇ ਅਰਥਚਾਰੇ ਨੂੰ ਬਲ ਦੇਣ ਲਈ ਕੀਤੇ ਗਏ ਹਨ।



ਆਰ ਬੀ ਆਈ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਅਤੇ ਛੋਟੀਆਂਅਤੇ ਦਰਮਿਆਨੀਆਂ ਸਨਅਤਾਂ ਨੇ ਸਾਲ 2020 ਵਿੱਚ ਆਪਣੇ ਕਰਜ਼ਿਆਂ ਦਾ ਪੁਨਰਗਠਨ ਨਹੀਂ ਕਰਵਾਇਆ ਤੇ ਉਨ੍ਹਾਂ ਦੇ ਕਰਜ਼ਿਆਂ ਦੇ ਖਾਤੇ ਮਾਰਚ 2021 ਤੱਕ ਆਮ ਵਾਂਗ ਚੱਲਦੇ ਰਹੇ ਹੋਣ, ਮਤਲਬ ਉਸ ਉੱਤੇ ਵਿਆਹ ਅਤੇ ਕਿਸ਼ਤ ਦੀ ਅਦਾਇਗੀ ਹੁੰਦੀ ਰਹੀ ਹੋਵੇ, ਉਨ੍ਹਾਂ ਨੂੰ ਦੋ ਸਾਲਾਂ ਤੱਕ ਲਈ ਕਰਜ਼ੇ ਦੇ ਪੁਨਰਗਠਨ ਦਾ ਲਾਭ ਮਿਲੇਗਾ। ਕਰਜ਼ੇ ਦੇ ਪੁਨਰਗਠਨ ਦੀ ਇਹ ਸਹੂਲਤ 25 ਕਰੋੜ ਰੁਪਏ ਤੱਕ ਦੇ ਕਰਜ਼ੇ ਵਾਲੇ ਕਰਜ਼ਦਾਰਾਂ ਲਈ ਹੋਵੇਗੀ। ਭਾਰਤੀ ਬੈਂਕਾਂ ਦੀ ਐਸੋਸੀਏਸ਼ਨ ਅਨੁਸਾਰ ਕਰਜ਼ੇ ਦੇ ਇਸ ਪੁਨਰਗਠਨ ਦਾ ਲਾਭ ਨੱਬੇ ਫੀਸਦੀ ਕਰਜ਼ਦਾਰਾਂ ਨੂੰ ਮਿਲੇਗਾ। ਪਿਛਲੇ ਸਾਲ ਆਰ ਬੀ ਆਈ ਨੇ ਬੈਂਕ ਕਰਜ਼ਾ ਮੋੜਨ ਦਾ ਸਮਾਂ ਦੋ ਸਾਲ ਅੱਗੇ ਪਾ ਕੇ ਛੋਟੇ ਕਰਜ਼ਦਾਰਾਂ ਦੇ ਕਰਜ਼ੇ ਦਾ ਪੁਨਰਗਠਨ ਦੀ ਮਨਜ਼ੂਰੀ ਦਿੱਤੀ ਸੀ। ਇਸ ਵਾਰ ਬੈਂਕਾਂ ਨੂੰ ਕਰਜ਼ਾ ਮੋੜਨ ਦਾ ਸਮਾਂ ਵਧਾ ਕੇ ਜਾਂ ਵਿਆਜ ਦਰ ਘਟਾ ਕੇ ਕਰਜ਼ਿਆਂ ਦਾ ਪੁਨਰਗਠਨ ਦੀ ਮਨਜ਼ੂਰੀ ਦਿੱਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਆਰ ਬੀ ਆਈ ਵੱਲੋਂ ਸਰਕਾਰੀ ਸਕਿਓਰਿਟੀਜ਼ ਖਰੀਦ ਪ੍ਰੋਗਰਾਮ (ਜੀ-ਸੈਪ) ਤਹਿਤ 20 ਮਈ ਤੱਕ 35000 ਕਰੋੜ ਰੁਪਏ ਦੇ ਬਾਂਡ ਖਰੀਦੇ ਜਾਣਗੇ। ਆਰ ਬੀ ਆਈ ਨੇ ਛੋਟੇ ਵਿੱਤੀ ਬੈਂਕਾਂ (ਐਸ ਐਫ ਬੀਜ਼) ਲਈ 10,000 ਕਰੋੜ ਰੁਪਏ ਦੇ ਵਿਸ਼ੇਸ਼ ਤਿੰਨ ਸਾਲਾਂ ਦੇ ਲੰਬੇ ਸਮੇਂ ਦੇ ਰੈਪੋ ਅਪਰੇਸ਼ਨ ਦਾ ਐਲਾਨ ਵੀ ਕੀਤਾ ਹੈ, ਜਿਸ ਤਹਿਤ ਬੈਂਕਾਂ ਨੂੰ 10,000 ਕਰੋੜ ਰੁਪਏ ਤੱਕ ਕਰਜ਼ਾ ਘੱਟ ਵਿਆਜ ਦਰਾਂ ਉੱਤੇ ਦਿੱਤਾ ਜਾਵੇਗਾ।

# ਨਗਰ ਕੌਂਸਲ ਕਰਤਾਰਪੁਰ ਨੇ ਸਵੱਛ ਭਾਰਤ ਮੁਹਿੰਮ ਤਹਿਤ ਪਲਾਸਟਿਕ ਲਿਫਾਫੇ ਨਾ ਵਰਤਣ ਲਈ ਮੁਹਿੰਮ ਚਲਾਈ

**ਕਰਤਾਰਪੁਰ(ਜਸਵੰਤ ਵਰਮਾ, ਦਿਨੇਸ਼ ਕੁਮਾਰ)** ਨਗਰ ਕੌਂਸਲ ਕਰਤਾਰਪੁਰ ਵੱਲੋਂ ਅੱਜ ਕਿਲਾ ਕੋਠੀ ਚੌਕ ਵਿੱਚ ਸੱਵਛ ਭਾਰਤ ਮੁਹਿੰਮ ਦੇ ਅਧੀਨ ਲੋਕਾਂ ਨੂੰ ਕੱਪੜਾ ਦੇ ਥੈਲੇ ਵੰਡ ਕੇ ਪਲਾਸਟਿਕ ਦੇ ਲਿਫਾਫੇ ਨਾ ਵਰਤਣ ਲਈ ਪ੍ਰੇਰਿਆ। ਅਤੇ ਡੋਰ ਟੂ ਡੋਰ ਕੂੜਾ ਇੱਕਠਾ ਕਰਨ ਲਈ ਟੇਪੂ ਵੀ ਚਲਾਇਆ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਪ੍ਰਿੰਸ ਅਰੋੜਾ,ਈ ਉ ਚਰਨ ਦਾਸ, ਸੈਨਟਰੀ ਇੰਸਪੈਕਟਰ ਸੰਕਲਪ ਕੁਮਾਰ,ਕੌਂਸਲਰ ਜੋਤੀ ਅਰੋੜਾ, ਗੁਰਦੀਪ ਸਿੰਘ ਮਿੰਟੂ,ਨਰਿੰਦਰ ਸਿੰਘ ਅਰੋੜਾ, ਨਵੀਨ ਨੀਨਾ,ਰਾਮ ਕਿਸ਼ਨ ਕਾਲਾ,ਆਦਿ ਹਾਜਰ ਸਨ।



# ਪਿੰਡ ਖਾਰਾ ਵਿਖੇ ਚੱਲ ਰਹੇ ਆਂਗਣਵਾੜੀ ਸੈਂਟਰ ਦੇ ਕਮਰੇ ਦਾ ਉਦਘਾਟਨ



**ਕੋਟਕਪਰਾ।** ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਧੀਨ ਚੱਲ ਰਹੇ ਆਂਗਣਵਾੜੀ ਸੈਂਟਰ, ਜਿੰਨਾ ਵਿੱਚੋਂ ਬਲਾਕ ਕੋਟਕਪੂਰਾ-1 ਦੇ ਪਿੰਡ ਖਾਰਾ ਵਿਖੇ ਆਂਗਣਵਾੜੀ ਸੈਂਟਰ ਦੇ ਕਮਰੇ ਦਾ ਉਦਘਾਟਨ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਸੀਡੀਪੀਓ ਕੋਟਕਪੂਰਾ-1 ਅਤੇ ਜਿਲਾ ਪ੍ਰੋਗਰਾਮ ਅਫਸਰ ਕਰਨ ਸਿੰਘ ਬਰਾੜ ਵਿਸ਼ੇਸ਼ ਤੌਰ 'ਤੇ ਪੁੱਜੇ। ਕਮਰੇ ਦੀ ਉਸਾਰੀ ਕੋਆਪਰੇਟਿਵ ਸੁਸਾਇਟੀ ਖਾਰਾ ਦੇ ਸੇਵਾਮੁਕਤ ਸੈਕਟਰੀ ਗੁਰਦੀਪ ਸਿੰਘ ਕੋਟਕਪੂਰਾ ਨੇ ਕਰਵਾਈ। ਪਿੰਡ ਦੀ ਪੰਚਾਇਤ ਵੱਲੋਂ ਗੁਰਦੀਪ ਸਿੰਘ ਦਾ ਧੰਨਵਾਦ ਕੀਤਾ ਗਿਆ। ਸੈਂਟਰ ਦੀ ਵਰਕਰ ਮੈਡਮ ਕਰਮਜੀਤ ਕੌਰ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ। ਇਸ ਸਮੇਂ ਪਿੰਡ ਦੇ ਮੌਜੂਦਾ ਸਰਪੰਚ ਜਸਵਿੰਦਰ ਸਿੰਘ, ਸਾਬਕਾ ਸਰਪੰਚ ਮੇਘ ਸਿੰਘ, ਜਗਮੀਤ ਸਿੰਘ ਪੰਚ, ਯਾਦਵਿੰਦਰ ਸਿੰਘ, ਜਗਦੇਵ ਸਿੰਘ, ਹਰਜਿੰਦਰ ਕੌਰ ਪੰਚ, ਹਰਬੰਸ ਕੌਰ ਅਤੇ ਬੈਂਕ ਮੈਨੇਜਰ ਬਲਜੀਤ ਕੌਰ, ਭੁਪਿੰਦਰ ਸਿੰਘ, ਸਕੂਲ ਦੇ ਹੈੱਡ ਟੀਚਰ ਮੈਡਮ ਡਿੰਪਲ ਅਤੇ ਅਧਿਆਪਕਾਂ ਤੋਂ ਇਲਾਵਾ ਮੌਜੂਦਾ ਸੁਪਰਵਾਈਜਰ ਮੈਡਮ ਕਰਮਜੀਤ ਕੌਰ, ਸੇਵਾਮਕੁਤ ਮੈਡਮ ਦਲਵੀਰ ਕੌਰ ਸਮੇਤ ਪਿੰਡ ਦੀਆਂ ਵਰਕਰਾਂ, ਹੈਪਲਰਾਂ ਤੇ ਹੋਰ ਸਮਾਜਸੇਵੀ ਵੀ ਮੌਜੂਦ ਸਨ।

# 20 ਗ੍ਰਾਮ 10 ਮਿਲੀਗ੍ਰਾਮ ਹੈਰੋਇਨ, 01 ਛੋਟਾ ਕੰਮਪਿਊਟਰਕੰਡਾ ਸਮੇਤ ਦੋ ਪੁਲਿਸ ਅੜਿਕੇ

**ਫਿਰੋਜਪੁਰ (ਅਸ਼ੋਕ ਭਾਰਦਵਾਜ)** ਸ:ਥ ਸੁਰਮਾ ਸਿੰਘ ਆਪਣੀ ਪੁਲਿਸ ਪਾਰਟੀ ਸਮੇਤ ਗਸ਼ਤ ਵਾ ਚੈਕਿੰਗ ਕਰ ਰਹੇ ਸਨ ਜਦ ਉਹ ਜੰਤਾ ਪ੍ਰੀਤ ਨਗਰ ਮੋੜ ਤੇ ਪੁੱਜੇ ਤਾਂ ਦੋ ਮੋਨੇ ਨੌਜਵਾਨ ਜ਼ਮੀਨ ਤੇ ਬੈਠੇ ਇੱਕ ਲਿਫਾਫ ਦੇ ਵਿਚੋਂ ਕੋਈ ਵਸਤੂ ਛੋਟੇ ਕੰਪਿਊਟਰ ਕੰਡੇ ਨਾਲ ਤੋਲ ਰਹੇ ਸਨ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਸਮਾਨ ਛੱਡ ਕੇ ਦੋੜਣ ਲੱਗੇ ਤਾਂ ਪੁਲਿਸ ਪਾਰਟੀ ਦੁਆਰਾ ਦੋਨੋ ਦੋਸ਼ੀਆਨ ਨੂੰ ਕਾਬੂ ਕੀਤਾ ਗਿਆ ਤੇ ਨਾਮ ਪੁੱਛਣ ਤੇ ਆਪਣੇ ਨਾਮ ਰੋਹਿਤ ਪੁੱਤਰ ਜਨਕ ਰਾਜ ਤੇ ਦੂਜੇ ਨੇ ਆਪਣਾ ਨਾਮ ਸਾਹਿਲ ਪੁੱਤਰ ਨਿਸ਼ਾਨ ਸਿੰਘ ਦੱਸਿਆ । ਪੁਲਿਸ ਪਾਰਟੀ ਦੁਆਰਾ ਦੋਸ਼ੀਆਨ ਵਲੋਂ ਛੱਡ ਕੇ ਭੱਜੇ ਸਮਾਨ ਨੂੰ ਚੈੱਕ ਕੀਤਾ ਤਾਂ ਮੋਕਾ ਪਰ 20 ਗ੍ਰਾਮ 10 ਮਿਲੀਗ੍ਰਾਮ ਹੈਰੋਇਨ, 01 ਛੋਟਾ ਕੰਮਪਿਊਟਰ ਕੰਡਾ ਤੇ 04 ਛੋਟੀਆਂ ਪਾਰਦਰਸ਼ੀ ਲਿਫਾਫੀਆਂ ਬਰਾਮਦ ਹੋਈਆਂ । ਪੁਲਿਸ ਪਾਰਟੀ ਦੁਆਰਾ ਗ੍ਰਿਫਤਾਰ ਦੋਸ਼ੀਆਨ ਤੋਂ ਬਰਾਮਦ ਹੈਰੋਇਨ ਬਾਰੇ ਪੁੱਛਿਆ ਤਾਂ ਇਹਨਾਂ ਨੇ ਦੱਸਿਆ ਕਿ ਇਹ ਹੈਰੋਇਨ ਉਹਨਾਂ ਨੇ ਦੋਸ਼ੀ ਵਿਸ਼ਾਲ ਮੰਨਾ ਪੁੱਤਰ ਜੱਗਾ ਕੋਲੋ ਖਰੀਦੀ ਹੈ । ਰੋਹਿਤ ਪੁੱਤਰ ਜਨਕ ਰਾਜ ਤੇ ਸਾਹਿਲ ਪੁੱਤਰ ਨਿਸ਼ਾਨ ਸਿੰਘ ਗ੍ਰਿਫਤਾਰ ਹਨ ।

# 400 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਕਪੂਰਥਲਾ ਦੇ ਪਿੰਡਾਂ ਵਿਚ ਲਾਏ ਜਾ ਰਹੇ 2.18 ਲੱਖ ਪੌਦੇ-ਭੁੱਲਰ



**ਕਪੂਰਥਲਾ ।** ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਸੰਯੁਕਤ ਡਾਇਰੈਕਟਰ ਸ.ਅਵਤਾਰ ਸਿੰਘ ਭੁੱਲਰ ਨੇ ਕਿਹਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਪਿੰਡਾਂ ਅੰਦਰ ਬੂਟੇ ਲਾਉਣ ਦੀ ਮੁਹਿੰਮ ਤਹਿਤ ਕਪੂਰਥਲਾ ਜ਼ਿਲ੍ਹੇ ਦੇ 546 ਪਿੰਡਾਂ ਵਿਚ 2.18 ਲੱਖ ਪੌਦੇ ਲਾਏ ਜਾ ਰਹੇ ਹਨ। ਅੱਜ ਕਪੂਰਥਲਾ ਜ਼ਿਲ੍ਹੇ ਦੇ ਪਿੰਡਾਂ ਭੀਲਾ,ਕਾਂਜਲੀ ਅਤੇ ਝੱਲ ਠੀਕਰੀ ਵਾਲਾ ਵਿਖੇ ਲਗਾਏ ਗਏ ਬੂਟਿਆਂ ਦੀ ਸਾਂਭ ਸੰਭਾਲ ਦਾ ਜਾਇਜ਼ਾ ਲੈਣ ਮੌਕੇ ਉਨਾਂ ਦੱਸਿਆ ਕਿ ਗੁਰੂ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਦੇ ਤੌਰ ਤੇ ਹਰੇਕ ਪਿੰਡ ਵਿਚ ਪੌਦੇ ਲਗਾਉਣ ਦੇ ਨਾਲ ਨਾਲ ਉਨਾਂ ਦਾ ਸਾਂਭ ਸੰਭਾਲ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ, ਜਿਸ ਲਈ ਸਮੂਹ ਸਰਪੰਚਾ-ਪੰਚਾਂ ਨੂੰ ਮੁਹਿੰਮ ਦਾ ਹਿੱਸਾ ਬਣਾਇਆ ਗਿਆ ਹੈ। ਉਨਾਂ ਦੱਸਿਆ ਕਿ ਹੁਣ ਤੱਕ ਕਪੂਰਥਲੇ ਜ਼ਿਲ੍ਹੇ ਵਿਚ 1.11 ਲੱਖ ਬੂਟੇ ਲਗਾਏ ਗਏ ਹਨ ਅਤੇ ਆਉਣ ਵਾਲੇ ਮੌਨਸੂਨ ਸੀਜ਼ਨ ਦੌਰਾਨ ਨਿਰਧਾਰਿਤ ਟੀਚੇ ਨੂੰ ਪੂਰਾ ਕਰ ਲਿਆ ਜਾਵੇਗਾ। ਉਨਾਂ ਇਹ ਵੀ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਲਗਾਏ ਗਏ ਪੌਦਿਆਂ ਵਿਚੋਂ ਖਰਾਬ ਪੌਦਿਆਂ ਦੀ ਥਾਂ ਨਵੇਂ ਪੌਦਾ ਲਗਾਉਣ ਦਾ ਕੰਮ ਤੇਜ਼ੀ ਨਾਲ ਚਲ ਰਿਹਾ ਹੈ। ਸ. ਭੁੱਲਰ ਨੇ ਇਹ ਵੀ ਕਿਹਾ ਕਿ ਵਿਭਾਗ ਦੀ ਇਸ ਮੁਹਿੰਮ ਨਾਲ ਜਿੱਥੇ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਵਿਚ ਸਹਾਇਤਾ ਮਿਲੇਗੀ ਉਥੇ ਹੀ ਕੋਵਿਡ ਦੌਰਾਨ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਲੋਕਾਂ ਨੂੰ ਮਨਰੇਗਾ ਯੋਜਨਾ ਤਹਿਤ ਰੁਜ਼ਗਾਰ ਵੀ ਮਿਲ ਰਿਹਾ ਹੈ। ਇਸ ਮੌਕੇ ਬੀ. ਡੀ. ਪੀ. ਓ ਅਮਰਜੀਤ ਸਿੰਘ, ਆਈ. ਟੀ ਮੈਨੇਜਰ ਰਾਜੇਸ਼ ਅਤੇ ਏ. ਪੀ. ਓ ਵਿਸ਼ਾਲ ਅਰੋੜਾ ਹਾਜ਼ਰ ਸਨ।

# ਸਰੀਰਕ ਸੰਬੰਧ ਬਣਾਉਣ ਤੋਂ ਬਾਅਦ ਫ਼ਿਰੌਤੀ ਵਸੂਲਣ ਵਾਲੇ ਗਿਰੋਹ ਦਾ ਪਰਦਾਫਾਸ਼



**ਜਲੰਧਰ (ਵਰਿੰਦਰ ਰਾਜਪੂਤ)** ਜਲੰਧਰ ਦੇ ਥਾਣਾ ਬਸਤੀ ਬਾਵਾ ਖੇਲ ਦੀ ਪੁਲਸ ਨੇ ਅਜਿਹੇ ਰੈਕੇਟ ਦਾ ਪਰਦਾਫਾਸ਼ ਕੀਤਾ ਹੈ, ਜੋ ਕਿ ਨੌਜਵਾਨਾਂ ਨੂੰ ਸਰੀਰਕ ਸੰਬੰਧ ਬਣਾਉਣ ਦੇ ਨਾਂ 'ਤੇ ਪਹਿਲਾਂ ਬੰਧਕ ਬਣਾਉਂਦਾ ਸੀ ਅਤੇ ਬਾਅਦ ਵਿਚ ਉਨ੍ਹਾਂ ਕੋਲੋਂ ਫ਼ਿਰੌਤੀ ਵਸੂਲਦਾ ਸੀ। ਫ਼ਿਰੌਤੀ ਨਾ ਦੇਣ 'ਤੇ ਉਨ੍ਹਾਂ ਦੀਆਂ ਫੋਟੋਆਂ ਅਤੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਅਤੇ ਰੇਪ ਕੇਸ ਵਿਚ ਫਸਾਉਣ ਦੀਆਂ ਧਮਕੀਆਂ ਦਿੰਦਾ ਸੀ। ਪੁਲਸ ਨੇ ਇਸ ਮਾਮਲੇ ਵਿਚ 4 ਲੜਕੀਆਂ ਅਤੇ 4 ਨੌਜਵਾਨਾਂ ਨੂੰ ਕਾਬੂ ਕੀਤਾ ਹੈ।

# ਪੰਚਕੂਲਾ ਵਿਚ ਉਮਰ ਦੀ ਕੈਟੇਗਰੀ ਦੇ ਅਨੁਸਾਰ ਬਣਾਏ ਗਏ ਟਾਈਮ ਸਲਾਟ ਤੇ ਲਗੇਗੀ ਕੋਰੋਨਾ ਵੈਕਸੀਨ

**ਚੰਡੀਗੜ (ਦੀਪਕ ਸ਼ਰਮਾ)** ਪੰਚਕੂਲਾ ਜਲਿ ਵਿੱਚ ਟੀਕਾਕਰਨ ਕੇਂਦਰਾਂ ਵਿੱਚ ਅਜੇ ਵੀ ਡਾਕਟਰਾਂ ਅਤੇ ਸਟਾਫ ਵੱਲੋਂ ਅਣਗਹਿਲੀ ਵਰਤੀ ਜਾ ਰਹੀ ਹੈ । ਲੋਕਾਂ ਨੂੰ ਇਸ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ ਅਤੇ ਉਹ ਟੀਕਾ ਲਗਵਾਉਣ ਲਈ ਇਕ ਕੇਂਦਰ ਤੋਂ ਦੂਜੇ ਕੇਂਦਰ ਤੇ ਧੱਕੇ ਖਾ ਰਹੇ ਹਨ । ਲੋਕਾਂ ਦੀਆਂ ਮੁਸਕਲਾਂ ਦੇ ਮੱਦੇਨਜਰ ਸਿਹਤ ਵਿਭਾਗ ਨੇ ਉਮਰ ਦੇ ਅਨੁਸਾਰ ਸਮਾਂ ਨਿਰਧਾਰਤ ਕਰ ਦਿਤਾ ਹੈ । ਜੇ ਤੁਸੀਂ ਉਮਰ ਦੀ ਕੈਟੇਗਰੀ ਦੇ ਅਨੁਸਾਰ ਟਾਈਮ ਸਲਾਟ ਤੇ ਜਾਂਦੇ ਹੋ, ਤਾਂ ਕੋਈ ਸਮੱਸਿਆ ਨਹੀਂ ਹੋਏਗੀ । ਵਿਭਾਗ ਨੇ ਨਿਰਦੇਸ ਦਿੱਤੇ ਹਨ ਕਿ ਹਰੇਕ ਟੀਕਾਕਰਨ ਕੇਂਦਰ ਦੇ ਬਾਹਰ ਸਮੇਂ ਦੀ ਜਾਣਕਾਰੀ ਦੇਣੀ ਹੋਵੇਗੀ, ਨਾਲ ਹੀ ਕਿੰਨੀ ਡੋਜ਼ ਦਿਤੀ, ਇਹ ਵੀ ਲਿਖਣਾ ਪਏਗਾ । ਸੈਕਟਰ -12 ਏ ਕਮਿਊਨਟੀ ਸੈਂਟਰ ਤੋਂ ਇਲਾਵਾ, ਵਿਭਾਗ ਨੂੰ ਕੁਝ ਹੋਰ ਸੈਂਟਰਾਂ ਤੋਂ ਅਜਿਹੇ ਮਾਮਲੇ ਆ ਰਹੇ ਸਨ ਜਿਨਾਂ ਵਿੱਚ ਟੋਕਨ ਪ੍ਰਣਾਲੀ ਵਿੱਚ ਗੜਬੜੀ ਹੋ ਰਹੀ ਸੀ । ਕੁਝ ਟੋਕਨ ਸੈਂਟਰਾਂ ਵੱਲੋਂ ਪਹਿਲਾਂ ਹੀ ਵੰਡ ਦਿਤੇ ਜਾਂਦੇ ਹਨ । ਇਸ ਤੋਂ ਬਾਅਦ ਸੈਕਟਰ -12 ਏ ਕਮਿਊਨਟੀ ਸੈਂਟਰ ਨੂੰ ਬੰਦ ਕਰ ਦਿਤਾ ਗਿਆ । ਹੁਣ ਹਰੇਕ ਉਮਰ ਵਰਗ ਲਈ ਟਾਈਮਿੰਗ ਸਲੋਟ ਬਣਾਏ ਗਏ ਹਨ । ਐਮ.ਡੀ.ਸੀ ਸੈਕਟਰ -4 ਦੀ ਡਿਸਪੈਂਸਰੀ ਵਿਚ ਲੋਕਾਂ ਨੂੰ ਟੀਕੇ ਦੀ ਖੁਰਾਕ ਬਾਰੇ ਗਲਤ ਜਾਣਕਾਰੀ ਦਿੱਤੀ ਜਾ ਰਹੀ ਹੈ । ਲੋਕਾਂ ਨੇ ਮੰਗਲਵਾਰ ਨੂੰ ਇਥੋ ਡੋਜ਼ ਦੀ ਘਾਟ ਕਾਰਨ ਹੰਗਾਮਾ ਕੀਤਾ । ਇਸ ਤੋਂ ਬਾਅਦ ਬੁੱਧਵਾਰ ਨੂੰ ਡੋਜ਼ ਨੂੰ 100 ਤੋਂ 200 ਤੱਕ ਕਰ ਦਿਤਾ ਗਿਆ । ਪਰ ਬੁੱਧਵਾਰ ਨੂੰ ਵੀ ਸੈਕਟਰ -4 ਦੀ ਡਿਸਪੈਂਸਰੀ ਤੋਂ ਲੋਕਾਂ ਨੂੰ ਸੈਕਟਰ -26 ਦੀ ਪਾਲੀ ਕਲੀਨਿਕ ਭੇਜਿਆ ਜਾਣ ਲੱਗਿਆ । ਸਟਾਫ ਨੇ ਕਿਹਾ ਕਿ ਵਿਭਾਗ ਨੇ ਸਿਰਫ 150 ਲੋਕਾਂ ਲਈ ਖੁਰਾਕਾਂ ਭੇਜੀਆਂ ਹਨ ।

ਐਮ.ਡੀ.ਸੀ ਸੈਕਟਰ -4 ਡਿਸਪੈਂਸਰੀ ਵਿਚ ਲੋਕ ਸਵੇਰੇ ਸਾਡੇ ਛੇ ਵਜੇ ਹੀ ਟੋਕਨ ਲੈਣ ਲਈ ਖੜੇ ਹੋ ਜਾਂਦੇ ਹਨ । ਸਵੇਰੇ 9 ਵਜੇ ਤੋਂ 70 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਟੀਕੇ ਲਾਏ ਜਾਣੇ ਸੀ । ਲੋਕਾਂ ਦਾ ਆਰੋਪ ਹੈ ਕਿ ਇਥੇ ਬੈਕ ਡੋਰ ਪ੍ਰਵੇਸ ਤੋਂ ਵੀ ਟੀਕਾਕਰਣ ਕੀਤਾ ਗਿਆ ਹੈ । ਐਮ.ਡੀ.ਸੀ ਸੈਕਟਰ -4 ਦੀ ਡਿਸਪੈਂਸਰੀ ਵਿਚ ਪਿਛਲੇ 4-5 ਦਿਨਾਂ ਤੋਂ ਟੀਕਾਕਰਨ ਨੂੰ ਲੈ ਕੇ ਹੰਗਾਮਾ ਚੱਲ ਰਿਹਾ ਹੈ । ਲੋਕਾਂ ਦਾ ਆਰੋਪ ਹੈ ਕਿ ਡਾਕਟਰ ਸਹੀ ਜਾਣਕਾਰੀ ਨਹੀਂ ਦਿੰਦੇ । ਇਥੋਂ, ਕਦੇ ਸੈਕਟਰ -12 ਏ ਅਤੇ ਕਦੇ ਸੈਕਟਰ -26 ਵਿਖੇ ਟੀਕਾਕਰਨ ਲਈ ਭੇਜਦੇ ਹਨ ।

# ਸਿਹਤ ਵਿਭਾਗ ਦੀ ਟੀਮ ਵੱਲੋਂ ਫਿਰੋਜ਼ਪੁਰ ਸ਼ਹਿਰ ਅੰਦਰ ਪੈਂਦੀਆਂ ਦੁਕਾਨਾਂ ਵਿੱਚ ਕੰਮ ਕਰਨ ਵਾਲੇ 80 ਵਿਅਕਤੀਆਂ ਦੇ ਕੋਵਿਡ ਟੈਸਟ ਦੇ ਸੈਂਪਲ ਲਏ ਗਏ

**ਫਿਰੋਜ਼ਪੁਰ ( ਅਸ਼ੋਕ ਭਾਰਦਵਾਜ )** ਫੂਡ ਸੇਫਟੀ ਅਫਸਰ ਸ੍ਰੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਕੋਵਿਡ ਮਹਾਮਾਰੀ ਦੇ ਪ੍ਰਭਾਵ ਨੂੰ ਦੇਖਦਿਆਂ ਵਧੀਕ ਡਿਪਟੀ ਕਮਿਸ਼ਨਰ (ਜਨ.) ਰਾਜਦੀਪ ਕੌਰ ਅਤੇ ਸਿਵਲ ਸਰਜਨ ਡਾ: ਰਜਿੰਦਰ ਰਾਜ ਦੇ ਦਿਸ਼ਾਂਨਿਰਦੇਸ਼ਾ ਅਨੁਸਾਰ ਫੂਡ ਟੀਮ ਅਤੇ ਏ.ਐਸ.ਆਈ ਸ੍ਰੀ ਗੁਰਨਾਮ ਸਿੰਘ ਦੀ ਅਗਵਾਈ ਵਿੱਚ ਮੈਡੀਕਲ ਟੀਮ ਵੱਲੋ ਫਿਰੋਜ਼ਪੁਰ ਸ਼ਹਿਰ ਦਿੱਲੀ ਗੇਟ ਬਜਾਰ ਅੰਦਰ ਪੈਂਦੀਆਂ ਦੁਕਾਨਾਂ ਵਿੱਚ ਕੰਮ ਕਰਨ ਵਾਲੇ 80 ਵਿਅਕਤੀਆਂ ਦੇ ਕੋਵਿਡ ਟੈਸਟ ਦੇ ਸੈਂਪਲ ਲਏ ਗਏ। ਉਨ੍ਹਾਂ ਦੱਸਿਆ ਕਿ ਇਹ ਸੈਂਪਲਿੰਗ ਸ਼ਹਿਰ ਵਿੱਚ ਕਰੋਨਾ ਦੇ ਫੈਲਾਅ ਤੇ ਕਾਬੂ ਪਾਉਣ ਲਈ ਕੀਤੀ ਗਈ ਹੈ ਤਾਂ ਜੋ ਸੈਂਪਲ ਦੌਰਾਨ ਕਰੋਨਾ ਪੋਜੇਟਿਵ ਆਉਣ ਵਾਲੇ ਵਿਅਕਤੀਆਂ ਨੂੰ ਪੰਜਾਬ ਸਰਕਾਰ ਦੇ ਦਿਸ਼ਾਂਨਿਰਦੇਸ਼ਾਂ ਅਨੁਸਾਰ ਆਈਸੋਲੇਟ ਕੀਤਾ ਜਾ ਸਕੇ ਅਤੇ ਡਾਕਟਰੀ ਸਹਾਇਤਾਂ ਮੁਹੱਈਆ ਕਰਵਾਈ ਜਾ ਸਕੇ। ਇਸ ਦੌਰਾਨ ਮੈਡੀਕਲ ਟੀਮ ਵਿੱਚ ਸਰਬਜੀਤ ਸਿੰਘ, ਹੈਲਥ ਵਰਕਰ ਪ੍ਰੇਮਜੀਤ ਸਿੰਘ, ਹੈਲਥ ਵਰਕਰ ਸ਼ੁਗੁਨ ਸ਼ਰਮਾ ਅਤੇ ਵੀਰਪ੍ਰਤਾਪ ਸਿੰਘ ਨੇ ਕਰੋਨਾ ਟੈਸਟ ਦੇ ਸੈਪਲ ਲਏ। ਸ੍ਰੀ ਹਰਵਿੰਦਰ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕੋਵਿਡ ਦੇ ਟੈਸਟ ਕਰਵਾਉਣ ਤੋਂ ਘਬਰਾਉਣ ਨਾ। ਜੇਕਰ ਕਿਸੇ ਨੂੰ ਵੀ ਖੰਘ, ਜ਼ੁਕਾਮ, ਬੁਖਾਰ ਜਾਂ ਸਾਹ ਲੈਣ ਵਿੱਚ ਕੋਈ ਦਿੱਕਤ



ਮਹਿਸੂਸ ਹੁੰਦੀ ਹੈ ਤਾਂ ਉਹ ਤੁਰੰਤ ਆਪਣਾ ਕੋਵਿਡ ਦਾ ਟੈਸਟ ਕਰਵਾਉਣ। ਇਸ ਤੋਂ ਇਲਾਵਾ ਲੋਕ ਪੰਜਾਬ ਸਰਕਾਰ ਤੇ ਸਿਹਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ। ਇੱਕ ਦੂਸਰੇ ਤੋਂ ਦੂਰੀ ਬਣਾ ਕੇ ਰੱਖਣ, ਮੂੰਹ ਤੇ ਮਾਸਕ ਪਾਉਣ, ਹੱਥਾਂ ਨੂੰ ਵਾਰਵਾਰ ਸੈਨੇਟਾਈਜ਼ ਕਰਨ ਜਾਂ ਸਾਬਣ ਨਾਲ ਧੋਣ। ਉਨ੍ਹਾਂ ਕਿਹਾ ਕਿਇਹ ਟੈਸਟਿੰਗ ਜਿਲ੍ਹੇ ਵਿੱਚ ਆਉਣ ਵਾਲੇ ਦਿਨਾਂ ਵਿੱਚ ਜਾਰੀ ਰਹੇਗੀ।

# ਬੇਅੰਤ ਸਿੰਘ ਕਤਲ ਮਾਮਲਾ : ਹਾਈਕੋਰਟ ਵੱਲੋਂ 'ਜਗਤਾਰ ਸਿੰਘ ਹਵਾਰਾ' ਦੀ ਜਮਾਨਤ ਪਟੀਸ਼ਨ ਖਾਰਿਜ

**ਚੰਡੀਗੜ (ਦੀਪਕ ਸ਼ਰਮਾ)** ਪੰਜਾਬ ਦੇ ਸਾਬਕਾ ਸਵ. ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ 'ਚ ਉਮਰਕੈਦ ਦੀ ਸਜਾ ਕੱਟ ਰਹੇ ਜਗਤਾਰ ਸਿੰਘ ਹਵਾਰਾ ਦੀ ਜਮਾਨਤ ਪਟੀਸ਼ਨ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਖਾਰਿਜ ਕਰ ਦਿੱਤਾ ਗਿਆ ਹੈ। ਅਦਾਲਤ ਨੇ ਕਿਹਾ ਹੈ ਕਿ ਹਵਾਰਾ 'ਤੇ ਗੰਭੀਰ ਦੋਸ਼ ਹਨ ਅਤੇ ਸਾਬਕਾ ਮੁੱਖ ਮੰਤਰੀ ਦੇ ਕਤਲ ਮਾਮਲੇ 'ਚ ਉਸ ਨੂੰ ਉਮਰਕੈਦ ਦੀ ਸਜਾ ਦਿੱਤੀ ਗਈ ਹੈ। ਅਜਿਹੇ 'ਚ ਰੈਗੂਲਰ ਜਮਾਨਤ ਪਟੀਸ਼ਨ ਦਾ ਲਾਭ ਨਹੀਂ ਦਿੱਤਾ ਜਾ



ਸਕਦਾ। ਹਵਾਰਾ ਵੱਲੋਂ ਦਾਇਰ ਪਟੀਸ਼ਨ 'ਚ ਕਿਹਾ ਗਿਆ ਸੀ ਕਿ ਅੱਤਵਾਦ ਨੂੰ ਬੜਾਵਾ ਦੇਣ ਦੇ ਦੋਸ਼ਾਂ ਤਹਿਤ ਉਸ 'ਤੇ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ 'ਚ ਅਜੇ ਉਸ ਦੇ ਖਲਿਾਫ ਸੁਣਵਾਈ ਸ਼ੁਰੂ ਨਹੀਂ ਹੋਈ ਹੈ, ਜਦੋਂ ਕਿ ਹੋਰ ਦੋਸ਼ੀਆਂ ਨੂੰ ਸਾਲ 2010 ਨੂੰ ਦੋਸ਼ਮੁਕਤ ਕਰ ਦਿੱਤਾ ਗਿਆ ਸੀ। ਪੈਰੋਲ ਦਾ ਲਾਭ ਦਿੱਤੇ ਜਾਣ ਨੂੰ ਲੈ ਕੇ ਦਾਖਲ ਇਸ ਅਰਜੀ 'ਤੇ ਸੁਣਵਾਈ ਲਈ ਉਹ ਇਸ ਮਾਮਲੇ 'ਚ ਜਮਾਨਤ ਦੀ ਮੰਗ ਕਰ ਰਿਹਾ ਹੈ। ਚੰਡੀਗੜ ਪ੍ਰਸ਼ਾਸਨ ਵੱਲੋਂ ਜਮਾਨਤ ਪਟੀਸ਼ਨ ਦੇ ਵਿਰੋਧ 'ਚ ਕਿਹਾ ਗਿਆ ਸੀ ਕਿ ਹਵਾਰਾ ਖਤਰਨਾਕ ਅਪਰਾਧੀ ਹੈ ਅਤੇ ਉਸ ਦੇ ਖਲਿਾਫ 37 ਅਪਰਾਧਿਕ ਮਾਮਲੇ ਦਰਜ ਹਨ। ਦੱਸਣਯੋਗ ਹੈ ਕਿ ਸਾਬਕਾ ਸਵ. ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ 'ਚ ਜਗਤਾਰ ਸਿੰਘ ਹਵਾਰਾ ਆਪਣੇ ਹੋਰ ਸਾਥੀਆਂ ਦੇ ਨਾਲ ਗ੍ਰਿਫਤਾਰ ਹੋ ਗਿਆ ਸੀ ਪਰ ਸਾਲ 2004 'ਚ ਉਹ ਸਾਥੀਆਂ ਦੇ ਨਾਲ ਬੁੜੈਲ ਜੇਲ 'ਚ ਸੁਰੰਗ ਬਣਾ ਕੇ ਫਰਾਰ ਹੋ ਗਿਆ। ਇਸ ਤੋਂ ਬਾਅਦ ਜੂਨ, 2005 'ਚ ਉਸ ਨੂੰ ਦੁਬਾਰਾ ਗ੍ਰਿਫਤਾਰ ਕਰ ਲਿਆ ਗਿਆ, ਜਿਸ ਤੋਂ ਬਾਅਦ ਪੁਲਸ ਨੇ ਉਸ 'ਤੇ ਭਾਰਤ ਖਲਿਾਫ ਲੜਾਈ ਦੀ ਤਿਆਰੀ, ਸਾਜਿਸ਼ ਰਚਣ, ਫੌਜ ਬਣਾਉਣ ਅਤੇ ਹਥਿਆਰ ਇਕੱਠਾ ਕਰਨ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਸਨ। ਇਹ ਕੇਸ ਸੈਕਟਰ-36 ਅਤੇ ਸੈਕਟਰ-17 ਪੁਲਸ ਥਾਣਿਆਂ 'ਚ ਦਰਜ ਹੋਏ ਸਨ।

# 16 ਕਿਸਾਨ ਜਥੇਬੰਦੀਆਂ ਦੀ ਚਿਤਾਵਨੀ, ਸਰਕਾਰਾਂ ਅੰਦੋਲਨਕਾਰੀ ਕਿਸਾਨਾਂ ਨਾਲ ਪੰਗਾ ਨਾ ਲੈਣ



**ਚੰਡੀਗੜ (ਦੀਪਕ ਸ਼ਰਮਾ)** ਇਥੇ ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ 16 ਪ੍ਰਮੁੱਖ ਕਿਸਾਨ ਜਥੇਬੰਦੀਆਂ ਦੀ ਅਹਿਮ ਮੀਟਿੰਗ ਹੋਈ। ਮੀਟਿੰਗ 'ਚ ਸ਼ਾਮਲ ਸਾਰੇ ਹੀ ਕਿਸਾਨ ਆਗੂਆਂ ਨੇ ਪੰਜਾਬ ਅਤੇ ਚੰਡੀਗੜ ਸਮੇਤ ਹੋਰ ਕਈ ਸੂਬਿਆਂ ਵਿੱਚ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਪ੍ਰਸਾਸ਼ਨ ਵਲੋਂ ਤੰਗ-ਪ੍ਰੇਸ਼ਾਨ ਕੀਤੇ ਜਾਣ ਦੀਆਂ ਕਾਰਵਾਈਆਂ ਦਾ ਗੰਭੀਰ ਨੋਟਿਸ ਲੈਂਦਿਆਂ ਸੂਬਾ ਸਰਕਾਰਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਅੰਦੋਲਨਕਾਰੀ ਕਿਸਾਨਾਂ ਨਾਲ ਪੰਗਾ ਲੈਣ ਵਾਲੀਆਂ ਕਾਰਵਾਈਆਂ ਨੂੰ ਤੁਰੰਤ ਬੰਦ ਕਰ ਦੇਣ। ਇਸ ਮੀਟਿੰਗ ਵਿੱਚ ਉਚੇਚੇ ਤੌਰ 'ਤੇ ਸ਼ਾਮਲ ਰਹੇ ਕਿਸਾਨ ਆਗੂ ਬਲਵੀਰ ਸਿੰਘ ਰਾਜੇਵਾਲ, ਜਗਜੀਤ ਸਿੰਘ ਡੱਲੇਵਾਲ ਅਤੇ ਸਤਨਾਮ ਸਿੰਘ ਬਹਿਰੂ ਆਦਿ ਨੇ ਬਾਕੀ ਜਥੇਬੰਦੀਆਂ ਦੇ ਆਗੂਆਂ ਨਾਲ ਲੰਬੀ ਵਿਚਾਰ-ਚਰਚਾ ਤੋਂ ਬਾਅਦ ਕੇਂਦਰ ਸਰਕਾਰ ਵਲੋਂ ਝੋਨੇ ਦੀ ਅਗਲੀ ਫ਼ਸਲ ਲਈ ਐਲਾਨੇ 1960 ਰੁਪਏ ਪ੍ਰਤੀ ਕੁਇੰਟਲ ਦੇ ਭਾਅ ਨੂੰ ਪੂਰੀ ਤਰਾਂ ਨਕਾਰਦੇ ਹੋਏ ਕਿਹਾ ਕਿ ਇਹ ਦੇਸ਼ ਦੇ ਕਿਸਾਨਾਂ ਨਾਲ ਮਜਾਕ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੀਟਿੰਗ ਵਿਚ ਹਾਜ਼ਰ ਕਿਸਾਨ ਆਗੂਆਂ ਬਲਵੰਤ ਸਿੰਘ ਬਹਿਰਾਮਕੇ, ਸਤਨਾਮ ਸਿੰਘ ਸਾਹਨੀ, ਜੰਗਬੀਰ ਸਿੰਘ ਚੌਹਾਨ, ਹਰਿੰਦਰ ਸਿੰਘ ਲੱਖੋਵਾਲ, ਮੁਕੇਸ਼ ਚੰਦਰ ਸ਼ਰਮਾ, ਬਲਦੇਵ ਸਿੰਘ ਸਿਰਸਾ, ਤੂਫ਼ਾਨ ਸਿੰਘ, ਸੁਖਪਾਲ ਸਿੰਘ ਅਤੇ ਬਖਤਾਵਰ ਸਿੰਘ ਆਦਿ ਨੇ ਪੱਛਮੀ ਬੰਗਾਲ ਵਿਚ ਹੋਈ ਮਮਤਾ ਬੈਨਰਜੀ ਦੀ ਜਿੱਤ ਨੂੰ ਕਿਸਾਨ ਅੰਦੋਲਨ ਲਈ ਸ਼ੁੱਭ ਸੰਕੇਤ ਦੱਸਦੇ ਹੋਏ ਆਖਿਆ ਇਸ ਨਾਲ ਅੰਦੋਲਨ ਨੂੰ ਬਹੁਤ ਵੱਡੀ ਮਜਬੂਤੀ ਮਿਲੀ ਹੈ।

# ਬਹੁਜਨ ਸਮਾਜ ਪਾਰਟੀ ਵਲੋਂ ਗੋਲਡ ਮੈਡਲਿਸਟ ਗੁਰਸੇਵਕ ਸਿੰਘ ਦਾ ਕੀਤਾ ਸਨਮਾਨ

ਬਹੁਜਨ ਸਮਾਜ ਪਾਰਟੀ ਵਲੋਂ ਡਾ.ਜਸਪਾਲ ਸਿੰਘ ਪ੍ਰਧਾਨ ਬੀ.ਐੱਸ.ਪੀ ਵੱਲੋਂ ਵੀ ਆਪਣੇ ਸਾਥੀਆਂ ਸਮੇਤ ਪਿੰਡ ਚਿਪੜਾ ਵਿਖੇ ਪਹੁੰਚ ਕੇ ਐਮ.ਏ. ਪੰਜਾਬੀ ਸੰਗੀਤ ਵਿਚ ਪੰਜਾਬੀ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿਚ ਸਥਾਨ ਹਾਸਲ ਕਰਕੇ ਗੋਲਡ ਮੈਡਲ ਹਾਸਲ ਕਰਨ ਵਾਲੇ ਪਿੰਡ ਥੇਦਾਂ ਚਿਪੜਾ ਦੇ ਵਾਸੀ ਗੁਰਸੇਵਕ ਸਿੰਘ ਨੂੰ ਉਨਾਂ ਦੇ ਪਿੰਡ ਪਹੁੰਚ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਇਕ ਡਾ.ਭੀਮ ਰਾਓ ਅੰਬੇਡਕਰ ਦੀ ਇਕ ਤਸਵੀਰ ਅਤੇ ਸਿਰੋਪਾ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਡਾ.ਜਸਪਾਲ ਸਿੰਘ ਨੇ ਕਿਹਾ ਅੱਜ ਜੇਕਰ ਅਸੀਂ ਖੁੱਲੇ ਆਸਮਾਨ ਹੇਠਾ ਖੁੱਲ ਕੇ ਜੀਅ ਰਹੇ ਹਾਂ , ਅਸੀਂ ਆਪਣੇ ਮਨ ਦੀ ਗੱਲ ਕਹਿ ਸਕਦੇ ਹਾਂ ਆਪਣੇ ਅਧਿਕਾਰਾਂ ਦੀ ਵਰਤੋਂ ਕਰ ਸਕਦੇ ਹਾਂ ਆਪਣੇ ਹੁਨਰ ਨੂੰ ਲੋਕਾਂ ਸਾਹਮਣੇ ਪੇਸ਼ ਕਰ ਸਕਦੇ ਹਾਂ , ਕਿਸੇ ਵੀ ਖੇਤਰ ਅੰਦਰ ਤਰੱਕੀ ਕਰਦੇ ਹਾਂ ਤੇ ਇਹ ਸਭ ਸੰਵਿਧਾਨ ਨਿਰਮਾਤਾ ਡਾ.ਭੀਮ ਰਾਓ ਅੰਬੇਡਕਰ ਦੇ ਜਤਨਾਂ ਸਕਦਾ ਹੈ ਜਿਸ ਕਾਰਣ ਅਸੀਂ ਤਰੱਕੀਆਂ ਹਾਸਿਲ ਕਰ ਰਹੇ ਹਾ। ਜ਼ਿਕਰਯੋਗ ਹੈ ਕਿ ਜਿੰਦਗੀ ਵਿੱਚ ਲਗਨ ਤੇ ਸ਼ਿੱਦਤ ਨਾਲ ਕੀਤੀ ਮਿਹਨਤ ਇੱਕ ਦਿਨ ਜਰੂਰ ਇਨਸਾਨ ਨੂੰ ਕਾਮਯਾਬ ਕਰਦੀ ਹੈ ਜੋ ਅਗਾਹ ਜਾ ਕੇ ਇੱਕ ਮਿਸਾਲ ਬਣਦਾ ਹੈ । ਗੜਦੀਵਾਲਾ ਅਧੀਨ ਪੈਂਦੇ ਪਿੰਡ ਥੇਂਦਾ ਚਿਪੜਾ ਦਾ ਨੌਜਵਾਨ ਗੁਰਸੇਵਕ ਸਿੰਘ ਪੁੱਤਰ ਸਤਪਾਲ ਸਿੰਘ ਜੋ ਕਿ ਪੜਾਈ ਦੇ ਨਾਲ ਨਾਲ ਗਾਉਣ ਦਾ ਸ਼ੌਕ ਰੱਖਦਾ ਹੈ , ਬੱਚਿਆਂ ਨੂੰ ਵੀ ਸੰਗੀਤਕ ਵਿਦਿਆ ਦੇ ਰਿਹਾ ਹੈ , ਜਿਸ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਮੈਰਿਟ ਲਿਸਟ ਵਿੱਚੋਂ ਸੋਨ ਤਮਗਾ ਹਾਸਿਲ ਕਰਕੇ ਆਪਣੇ ਮਾਤਾ ਪਿਤਾ, ਆਪਣੇ ਇਲਾਕੇ ਤੇ ਆਪਣੇ ਅਧਿਆਪਕਾਂ ਦਾ ਮਾਣ ਵਧਾਇਆ ਹੈ। ਇਸ ਉਪਲੱਬਧੀ ਤੇ ਉਸ ਨੂੰ ਇਲਾਕੇ ਭਰ ਚੋਂ ਵਧਾਈਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸੇ ਲੜੀ ਅਧੀਨ ਡਾ.ਜਸਪਾਲ ਸਿੰਘ ਪ੍ਰਧਾਨ ਬੀ.ਐੱਸ.ਪੀ ਵੱਲੋਂ ਵੀ ਆਪਣੇ ਸਾਥੀਆਂ ਸਮੇਤ ਗੁਰਸੇਵਕ ਸਿੰਘ ਦੇ ਘਰ ਵਿਖੇ



ਪਹੁੰਚ ਕਰਕੇ ਉਸਨੂੰ ਸਨਮਾਨਿਤ ਕੀਤਾ ਗਿਆ । ਇਸ ਮੌਕੇ 'ਤੇ ਉਨਾਂ ਦੇ ਨਾਲ ਜਿਲਾ ਸਕੱਤਰ ਕੁਲਦੀਪ ਸਿੰਘ ਬਿੱਟੂ, ਪਟੇਲ ਸਿੰਘ ਧੁੱਗਾ ਪ੍ਰਧਾਨ ਯੂਥ ਟਾਂਡਾ, ਗੁਰਦੀਪ ਸਿੰਘ ਯੂਥ ਵਾਇਸ ਪ੍ਰਧਾਨ ਟਾਂਡਾ, ਸੈਕਟਰ ਇੰਚਾਰਜ ਕੁਲਵਿੰਦਰ ਸਿੰਘ ਸੇਖੂਪੁਰ, ਹਰਜਿੰਦਰ ਸਿੰਘ ਪੰਚ ਚਿਪੜਾ, ਬਲਕਾਰ ਸਿੰਘ, ਕਮਲਜੀਤ ਸਿੰਘ, ਡਾ. ਸੁਖਦੇਵ ਸਿੰਘ ਰਮਦਾਸਪੁਰ ਆਦਿ ਹਾਜ਼ਰ ਸਨ।

# ਹੁਸ਼ਿਆਰਪੁਰ ਪੁਲਿਸ ਨੇ ਕੌਂਸਲਰਾਂ ਸਮੇਤ ਲੋਕਾਂ ਨੂੰ ਕੋਰੋਨਾ ਪ੍ਰਤੀ ਜਾਗਰੂਕ ਕੀਤਾ



**ਹੁਸ਼ਿਆਰਪੁਰ (ਜਸਵੀਰ ਸਿੰਘ ਪੁਰੇਵਾਲ)** ਹੁਸ਼ਿਆਰਪੁਰ ਐਸ.ਐਸ.ਪੀ. ਨਵਜੋਤ ਸਿੰਘ ਮਾਹਲ ਵਲੋਂ ਵੱਧ ਤੋਂ ਵੱਧ ਲੋਕਾਂ ਨੂੰ ਕੋਰੋਨਾ ਵਾਇਰਸ ਦੀ ਦੂਜੀ ਲਹਿਰ ਤੋਂ ਸੁਚੇਤ ਕਰਨ ਦੇ ਮਕਸਦ ਨਾਲ ਸ਼ੁਰੂ ਕੀਤੀ ਜਾਗਰੂਕਤਾ ਮੁਹਿੰਮ ਤਹਿਤ ਵੱਖ-ਵੱਖ ਡੀ.ਐਸ.ਪੀਜ਼ ਦੀ ਅਗਵਾਈ ਹੇਠ ਪੁਲਿਸ ਟੀਮਾਂ ਵਲੋਂ ਸ਼ਹਿਰ ਦੇ ਵੱਖ-ਵੱਖ ਖੇਤਰਾਂ 'ਚ ਸਬੰਧਤ ਕੌਂਸਲਰਾਂ ਦੀ ਮੌਜੂਦਗੀ 'ਚ ਲੋਕਾਂ ਨੂੰ ਲੋੜੀਂਦੀ ਅਹਿਤਿਆਤ ਵਰਤਣ ਅਤੇ ਬਿਨਾਂ ਕਿਸੇ ਜ਼ਰੂਰੀ ਕੰਮ ਤੋਂ ਨਾ ਘੁੰਮਣ ਸਬੰਧੀ ਪ੍ਰੇਰਿਤ ਕੀਤਾ ਗਿਆ।

ਡੀ.ਐਸ.ਪੀ. (ਹੈਡਕੁਆਟਰ) ਗੁਰਪ੍ਰੀਤ ਸਿੰਘ ਗਿੱਲ, ਡੀ.ਐਸ.ਪੀ. (ਸਿਟੀ) ਸਤਿੰਦਰ ਕੁਮਾਰ, ਡੀ.ਐਸ.ਪੀ. ਜਸਪ੍ਰੀਤ ਸਿੰਘ ਅਤੇ ਡੀ.ਐਸ.ਪੀ. ਮਾਧਵੀ ਸ਼ਰਮਾ ਦੀ ਅਗਵਾਈ ਹੇਠ ਪੁਲਿਸ ਟੀਮਾਂ ਵਲੋਂ ਸੈਸ਼ਨ ਚੌਕ, ਕਮਾਲਪੁਰ ਚੌਕ, ਸਰਕਾਰੀ ਕਾਲਜ ਚੌਕ, ਪ੍ਰਭਾਤ ਚੌਕ, ਫਗਵਾੜਾ ਚੌਕ, ਬਸ ਸਟੈਂਡ, ਬਹਾ-ਦਰਪੁਰ ਚੌਕ, ਸ਼ਿਮਲਾ ਪਹਾੜੀ ਚੌਕ ਆਦਿ ਖੇਤਰਾਂ ਵਿੱਚ ਕੌਂਸਲਰਾਂ ਦੀ ਮੌਜੂਦਗੀ ਵਿੱਚ ਲੋਕਾਂ ਨੂੰ ਕੋਰੋਨਾ ਦੀ ਗੰਭੀਰ ਹੁੰਦੀ ਜਾ ਰਹੀ ਸਥਿਤੀ ਤੋਂ ਜਾਣੂ ਕਰਵਾਇਆ ਗਿਆ। ਪੁਲਿਸ ਟੀਮਾਂ ਨੇ ਲੋਕਾਂ ਨੂੰ ਸਰਕਾਰ ਅਤੇ ਸਿਹਤ ਵਿਭਾਗ ਵਲੋਂ ਜਾਰੀ ਹਦਾਇਤਾਂ ਦੀ ਪਾਲਣਾ ਵਿੱਚ ਕਿਸੇ ਤਰ੍ਹਾਂ ਦੀ ਢਿੱਲਮੱਠ ਨਾ ਦਿਖਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਸਮੇਂ ਸਿਰ ਲੋੜੀਂਦੀ ਅਹਿਤਿਆਤ ਵਰਤਣ ਨਾਲ ਹੀ ਕੋਰੋਨਾ ਖਿਲਾਫ਼ ਮੁੜ ਫਤਿਹ ਦਰਜ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਜਨਤਕ ਹਿੱਤਾਂ ਦੇ ਮੱਦੇਨਜ਼ਰ ਮਾਸਕ ਪਹਿਨਣ, ਇਕ-ਦੂਜੇ ਤੋਂ ਬਣਦੀ ਦੂਰੀ ਬਣਾ ਕੇ ਰੱਖਣ ਆਦਿ ਮੁੱਖ ਹਦਾਇਤਾਂ ਦੀ ਪਾਲਣਾ 'ਚ ਕਿਸੇ ਕਿਸਮ ਦੀ ਲਾਪ੍ਰਵਾਹੀ ਨਹੀਂ ਵਰਤਣੀ ਚਾਹੀਦੀ ਅਤੇ ਬਿਨਾਂ ਵਜ੍ਹਾ ਵਾਲੀ ਆਵਾਜਾਈ ਤੋਂ ਵੀ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਨਾਈਟ ਕਰਫਿਊ ਆਦਿ ਦੀ ਵੀ ਉਲੰਘਣਾ ਨਾ ਕੀਤੀ ਜਾਵੇ। ਇਸੇ ਦੌਰਾਨ ਡੀ.ਐਸ.ਪੀ. ਮਾਧਵੀ ਸ਼ਰਮਾ ਨੇ ਦੱਸਿਆ ਕਿ ਪੁਲਿਸ ਵਲੋਂ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਹਦਾਇਤਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਬਣਦੀ ਕਾਰਵਾਈ ਵੀ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ 1 ਮਈ ਤੋਂ ਲੈ ਕੇ ਹੁਣ ਤੱਕ ਹਦਾਇਤਾਂ ਦੀ ਉਲੰਘਣਾ ਸਬੰਧੀ 96 ਮਾਮਲੇ ਦਰਜ ਕੀਤੇ ਜਾ ਚੁੱਕੇ ਹਨ।

# 12 ਮਈ ਤੋਂ ਜ਼ਿਲ੍ਹਾ ਕਚਹਿਰੀ 'ਚ ਕੋਵਿਡ ਬਚਾਅ ਸਬੰਧੀ ਟੀਕਾਕਰਨ ਕੈਂਪ ਲਗਾਇਆ ਜਾਵੇਗਾ



**ਹੁਸ਼ਿਆਰਪੁਰ (ਜਸਵੀਰ ਸਿੰਘ ਪੁਰੇਵਾਲ)** ਚੀਫ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਪਰਾ-ਜਤਾ ਜੋਸ਼ੀ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਕੋਵਿਡ-19 ਦੇ ਵੱਧ ਰਹੇ ਮਾਮਲਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਿਹਤ ਵਿਭਾਗ ਦੇ ਸਹਿਯੋਗ ਨਾਲ ਜ਼ਿਲ੍ਹਾ ਪੱਧਰ 'ਤੇ ਟੀਕਾਕਰਨ ਕੈਂਪ 12 ਮਈ ਨੂੰ ਆਯੋਜਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਟੀਕਾਕਰਨ ਕੈਂਪ ਕੋਰਟ ਰੂਮ ਨੰਬਰ 5, ਜ਼ਿਲ੍ਹਾ ਕਚਹਿਰੀ ਵਿੱਚ ਸਵੇਰੇ 10 ਵਜੇ ਸ਼ੁਰੂ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਦੌਰਾਨ ਜੁਡੀਸ਼ੀਅਲ ਆਫਿਸਰਜ਼ ਤੇ ਲੀਗਲ ਏਡ ਵਰਕਫੋਰਸ ਟੀਮਾਂ ਜਿਵੇਂ ਕਿ ਲੀਗਲ ਏਡ ਪੈਨਲ ਦੇ ਵਕੀਲ, ਪੈਰਾ ਲੀਗਲ ਵਲੰਟੀਅਰਾਂ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫ਼ਤਰ ਵਿੱਚ ਕੰਮ ਕਰ ਰਹੇ ਸਟਾਫ਼ ਮੈਂਬਰਾਂ ਤੇ ਕੋਰਟ ਦੇ ਸਟਾਫ਼ ਮੈਂਬਰਾਂ ਦਾ ਟੀਕਾਕਰਨ ਕੀਤਾ ਜਾਵੇਗਾ।

ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਦੱਸਿਆ ਕਿ ਵਿਭਾਗ ਵਲੋਂ ਪ੍ਰਾਪਤ ਹੋਈਆਂ ਹਦਾਇਤਾਂ ਅਨੁਸਾਰ ਭਾਰਤ ਸਰਕਾਰ ਦੁਆਰਾ ਟੀਕਾਕਰਨ ਅਭਿਆਨ ਦਾ ਤੀਸਰਾ ਪੜਾਅ ਸ਼ੁਰੂ ਹੋ ਗਿਆ ਹੈ, ਜਿਸ ਵਿੱਚ 18 ਤੋਂ 44 ਸਾਲ ਤੱਕ ਦੇ ਉਮਰ ਵਰਗ ਦੇ ਲੋਕਾਂ ਦੀ ਵੀ ਵੈਕਸੀਨੇਸ਼ਨ ਕੀਤੀ ਜਾਵੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਦੱਸਿਆ ਕਿ ਕੋਵਿਡ-19 ਮਹਾਮਾਰੀ ਦੀ ਰੋਕਥਾਮ ਲਈ ਸਾਰਿਆਂ ਨੂੰ ਟੀਕਾਕਰਨ ਕਰਵਾਉਣਾ ਚਾਹੀਦਾ ਹੈ ਤਾਂ ਜੋ ਇਸ ਮਹਾਮਾਰੀ 'ਤੇ ਕਾਬੂ ਪਾਇਆ ਜਾ ਸਕੇ।

# ਪ੍ਰਸ਼ਾਸਨ ਕਰੋਨਾ ਦੀਆਂ ਹਿਦਾਇਤਾਂ ਦਾ ਬਹਾਨਾ ਬਣਾ ਕੇ ਕਿਸਾਨਾਂ ਨੂੰ ਤੰਗ ਪ੍ਰੇਸ਼ਾਨ ਕਰਨ ਦੀ ਗਲਤੀ ਨਾ ਕਰੇ

**ਹੁਸ਼ਿਆਰਪੁਰ (ਜਸਵੀਰ ਸਿੰਘ ਪੁਰੇਵਾਲ)** ਜਿੱਥੇ ਕੇਂਦਰ ਸਰਕਾਰ ਹਰ ਰੋਜ਼ ਨਿੱਤ ਨਵੇਂ ਪੈਂਤੜੇ ਖੇਡ ਕੇ ਕਿਸਾਨ ਅੰਦੋਲਨ ਨੂੰ ਕਮਜ਼ੋਰ ਕਰਨ ਲਈ ਸ਼ੁਰੂ ਤੋਂ ਹੀ ਤੱਤਪਰ ਹੈ । ਉਥੇ ਹੀ ਕੈਪਟਨ ਸਰਕਾਰ ਦੀਆਂ ਕਰੋਨਾ ਨੂੰ ਲੈ ਕੇ ਜਾਰੀ ਕੀਤੀਆਂ ਹਿਦਾਇਤਾਂ ਵੀ ਕਿਸਾਨ ਅੰਦੋਲਨ ਨੂੰ ਖਰਾਬ ਕਰਨ ਵਾਲੀਆਂ ਸਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਸੀਨੀਅਰ ਆਗੂ ਰਜਿੰਦਰ ਸਿੰਘ ਕੋਟ ਪਨੈਚ ਨੇ ਜਾਰੀ ਪ੍ਰੈਸ ਬਿਆਨ ਰਾਹੀਂ ਕੀਤਾ। ਉਹਨਾਂ ਕਿਹਾ ਕਿ ਕਰੋਨਾ ਦੀਆਂ ਲਹਿਰਾਂ ਦਾ ਜ਼ਿਕਰ ਕਰਨ ਦੇ ਨਾਲ-ਨਾਲ ਪੰਜਾਬ ਅਤੇ ਕੇਂਦਰ ਸਰਕਾਰ ਇਹ ਵੀ ਦੱਸੇ ਕਿ ਸਵਾਏ ਲੋਕਡਾਊਨ ਦੇ ਲੋਕਾਂ ਦੀ ਆਰਥਿਕ ਮਦਦ ਕਰਨ ਲਈ ਇਹਨਾਂ ਨੇ ਕੀ ਕੀਤਾ ਹੈ। ਉਕਤ ਆਗੂ ਨੇ ਸਖ਼ਤ ਲਹਿਜੇ ਵਿਚ ਪ੍ਰਸ਼ਾਸਨ ਨੂੰ ਕਿਹਾ ਕਿ ਦਿੱਲੀ ਅੰਦੋਲਨ ਵਿਚ ਸ਼ਮੂਲੀਅਤ ਕਰਨ ਲਈ ਜ਼ਿਲਾ ਲੁਧਿਆਣਾ ਦੇ ਵੱਖ ਵੱਖ ਪਿੰਡਾਂ ਤੋਂ ਰੋਜ਼ਾਨਾ ਹੀ ਕਾਫ਼ਲੇ ਦਿੱਲੀ ਦੇ ਸਿੰਘੂ ਬਾਰਡਰ ਵੱਲ ਨੂੰ ਜੱਥੇਬੰਦੀ ਦੀਆਂ ਝੰਡੀਆਂ ਲਗਾ ਕੇ ਕੂਚ ਕਰ ਰਹੇ ਹਨ। ਕਿਸੇ ਵੀ ਕਾਫ਼ਲੇ ਨੂੰ ਕਰੋਨਾ ਦੀਆਂ ਹਿਦਾਇਤਾਂ ਦਾ ਅਧਾਰ ਬਣਾ ਕੇ ਤੰਗ ਪ੍ਰੇਸ਼ਾਨ ਨਾ ਕੀਤਾ ਜਾਵੇ। ਕਿਉਂਕਿ ਹਰ ਇਕ ਇਨਸਾਨ ਨੂੰ ਆਪਣੀ ਸਿਹਤ ਦੀ ਪ੍ਰਵਾਹ ਹੈ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਕਰੋਨਾ ਦੇ ਬਚਾਅ ਲਈ ਕਾਰਜ ਕੀਤੇ ਜਾ ਰਹੇ ਹਨ ਪ੍ਰੰਤੂ ਕੇਂਦਰੀ ਖੇਤੀ ਕਾਨੂੰਨ ਸਿੱਧੇ ਹੀ ਸਮੂਹ ਵਰਗਾਂ ਲਈ ਮੌਤ ਦੇ ਵਾਰੰਟ ਹਨ। ਉਹਨਾਂ ਜੱਥੇਬੰਦੀਆ ਦੇ ਸਮੂਹ ਵਰਕਰਾਂ ਨੂੰ ਅਪੀਲ ਕੀਤੀ ਕਿ ਜੱਥੇਬੰਦੀਆਂ ਵੱਲੋਂ ਜਾਰੀ ਕੀਤੀਆਂ ਝੰਡੀਆਂ, ਸਟਿੱਕਰ ਲਗਾ ਕੇ ਹੀ ਕੂਚ ਕੀਤਾ ਜਾਵੇ ਅਤੇ ਜੇਕਰ ਕਿਤੇ ਵੀ ਪ੍ਰਸ਼ਾਸਨ ਪ੍ਰੇਸ਼ਾਨ ਕਰਦਾ ਹੈ ਤਾਂ ਬਹੁਤ ਹੀ ਅਨੁਸ਼ਾਸਨ ਅਤੇ ਸੁਚੱਜੀ ਭਾਸ਼ਾ ਰਾਹੀਂ ਉਹਨਾਂ ਦਾ ਵਿਰੋਧ ਕੀਤਾ ਜਾਵੇ ਅਤੇ ਬਾਕੀ ਦੇ ਵਰਕਰਾਂ ਨੂੰ ਵੀ ਇਸਦੀ ਜਾਣਕਾਰੀ ਦਿੱਤੀ ਜਾਵੇ ਤਾਂ ਕਿ ਅਗਲਾ ਪ੍ਰੋਗਰਾਮ ਐਲਾਨਿਆ ਜਾ ਸਕੇ। ਰਜਿੰਦਰ ਸਿੰਘ ਨੇ ਦੱਸਿਆ ਕਿ 10 ਮਈ ਨੂੰ 12 ਵਜੇ ਸ਼ੰਭੂ ਮੋਰਚੇ ਰਾਹੀਂ ਹਜ਼ਾਰਾਂ ਕਿਸਾਨਾਂ ਦਾ ਕਾਫ਼ਲਾ ਬਲਵੀਰ ਸਿੰਘ ਰਾਜੇਵਾਲ ਦੀ ਅਗਵਾਈ ਵਿੱਚ ਸਿੰਘੂ ਬਾਰਡਰ ਲਈ ਕੂਚ ਕਰੇਗਾ ਜਿਸ ਸਬੰਧੀ ਤਿਆਰੀਆਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ।